A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty

403.861.2253

Vol: 10 No: 224 Website : www.punjabiakhbaar.ca Email: editor@punjabiakhbaar.ca Friday, 21 July 2023

# ਕੈਲਗਰੀ ਸਹਿਰ ਵਿੱਚ ਅਪਰਾਧ ਰੋਕਣ ਲਈ ਫੈਡਰਲ ਸਰਕਾਰ ਵੱਲੋਂ ਪੌਣੇ ਅੱਠ ਮਿਲੀਅਨ ਡਾਲਰ ਖਰਚੇ ਜਾਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਵੱਲੋਂ ਕੈਲਗਰੀ ਸ਼ਹਿਰ 'ਚ ਬੰਦੂਕਾਂ ਨਾਲ ਹੁੰਦੇ ਅਪਰਾਧਾਂ ਨੂੰ ਰੋਕਣ ਲਈ $7.7 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਫੰਡਿੰਗ ਫੈਡਰਲ $250 ਮਿਲੀਅਨ ਡਾਲਰ ਦੇ ਬਿਲਡਿੰਗ ਸੇਫਰ ਕਮਿਊਨਿਟੀਜ਼ ਫੰਡ (BSCF) ਵਿੱਚੋਂ ਦਿੱਤੀ ਜਾਵੇਗੀ ਜਿਸਦਾ ਐਲਾਨ ਪਿਛਲੇ ਸਾਲ ਮਾਰਚ ਮਹੀਨੇ ਵਿੱਚ ਕੀਤਾ ਗਿਆ ਸੀ ਪਬਲਿਕ ਸੇਫ਼ਟੀ ਮੰਤਰੀ ਮਾਰਕੋ ਮੇਂਡੀਸੀਨੋ ਨੇ ਐਲਾਨ ਕੀਤਾ ਕਿ BSCF ਤੋਂ ਦਿੱਤੇ ਜਾਣ ਵਾਲੇ ਇਹ ਫੰਡ ਕੈਲਗਰੀ



ਵਿੱਚ ਬੰਦੂਕ ਹਿੰਸਾ ਅਤੇ ਗੈਂਗ ਹਿੰਸਾ ਦੀ ਰੋਕਥਾਮ ਲਈ ਹੋਣਗੇ। ਇਸ ਦਾ ਮਤਲਬ ਹੈ ਕਿ "ਅੰਦਰੂਨੀ ਸਥਿਤੀਆਂ ਜੋ ਅਪਰਾਧ ਨੂੰ ਜਨਮ ਦਿੰਦੀਆਂ ਹਨ" ਨੂੰ ਕੰਟਰੌਲ ਕਰਨ ਲਈ ਇਹ ਫ਼ੰਡ ਖ਼ਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪਬਲਿਕ ਸੇਫ਼ਟੀ ਮੰਤਰੀ ਵੱਜੋਂ ਮੇਰੀ ਪਹਿਲੀ ਤਰਜੀਹ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣਾ ਹੈ। ਕੈਲਗਰੀ ਵਿੱਚ ਜ਼ਮੀਨੀ ਪੱਧਰ ਦੇ ਯਤਨਾਂ ਵਿੱਚ ਨਿਵੇਸ਼ ਉਨਾਂ ਸਮਾਜਿਕ ਸਥਿਤੀਆਂ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੈ ਜੋ ਨੌਜਵਾਨਾਂ ਅਤੇ ਬਾਲਗਾਂ ਨੂੰ ਅਪਰਾਧ ਦੀ ਦੁਨੀਆਂ ਵੱਲ ਧੱਕ ਦਿੰਦੀਆਂ ਹਨ ।

## ਟਰੂਡੋ ਨੇ ਕਿਹਾ ਜਦੋਂ ਵਕ਼ਤ ਆਇਆ ਕੈਨੇਡਾ ਸਪਸ਼ਟ ਤੌਰ 'ਤੇ ਯੂਕਰੇਨ ਦਾ ਸਮਰਥਨ ਕਰੇਗਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲਿਥੁਆਨੀਆ ਦੇ ਵਿਲਨੀਅਸ,ਵਿੱਚ ਨਾਟੋ ਸੰਮੇਲਨ ਤੋਂ ਵੱਖਰੇ ਤੌਰ ਤੇ ਇੱਕ ਪ੍ਰੈਸ ਕਾਨਫਰੰਸ ਕੀਤੀ, ਜਿੱਥੇ ਉਨਾਂ ਯੂਕਰੇਨ ਲਈ ਸਮਰਥਨ ਦੇ ਨਵੇਂ ਬਣੇ ਸਾਂਝੇ ਐਲਾਨ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ,ਕਿ "ਇੱਕ ਸੰਦੇਸ਼ ਜੋ ਅਸੀਂ ਵਲਾਦੀਮੀਰ ਪੁਤਿਨ ਨੂੰ ਸਿੱਧੇ ਤੌਰ ਤੇ ਭੇਜਣਾ ਜਾਰੀ ਰੱਖਣਾ ਚਾਹੁੰਦੇ ਹਾਂ ਉਹ ਇਹ ਹੈ ਕਿ ਕੈਨੇਡਾ, ਸਾਡੇ ਹੋਰ ਸਹਿਯੋਗੀਆਂ ਦੇ ਨਾਲ, ਜਦੋਂ ਤੱਕ ਲੋੜ ਹੋਈ ਯੂਕਰੇਨ ਦੇ ਨਾਲ ਮੌਜੂਦ ਰਹੇਗਾ," ਪ੍ਰਧਾਨ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਨਾਟੋ ਨਾਲ ਭਾਈਵਾਲੀ ਦੇ ਨਾਲ ਕੈਨੇਡਾ ਇੱਕ ਵਿਸ਼ੇਸ਼ ਪ੍ਰੋਗਰਾਮ ਲਈ ਸੇਂਟ ਜੈਕਸ ਦੇ ਰਾਇਲ ਮਿਲਟਰੀ ਕਾਲਜ ਵਿੱਚ ਸਿਖਲਾਈ ਲਈ ਯੂਕਰੇਨ ਦੇ ਅਫਸਰ ਕੈਡਿਟਾਂ ਦਾ ਸਵਾਗਤ ਕਰੇਗਾ। ਜਦੋਂ ਟਰੂਡੋ ਨੂੰ ਪੁੱਛਿਆ ਗਿਆ ਕਿ ਕੀ ਉਹ ਨਿਰਾਸ਼ ਹਨ ਕਿ ਨਾਟੋ ਨੇ ਨਿਰਧਾਰਿਤ ਸਮਾਂ ਸੀਮਾ ਦੇ ਨਾਲ ਇਸ ਫੌਜੀ ਗਠਜੋੜ ਵਿੱਚ ਯੂਕਰੇਨ ਨੂੰ ਸਿੱਧਾ ਸੱਦਾ ਨਹੀਂ ਦਿੱਤਾ, ਤਾਂ ਟਰੂਡੋ ਨੇ ਕਿਹਾ ਜਦੋਂ ਵਕ਼ਤ ਆਇਆ ਕੈਨੇਡਾ ਸਪਸ਼ਟ ਤੌਰ 'ਤੇ ਯੂਕਰੇਨ ਦਾ ਸਮਰਥਨ ਕਰੇਗਾ

ਗੱਲ ਤਾਂ ਪਰਦੇ ਦੀ ਹੀ ਹੈ !
TWC TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings

# ਭਗਵੰਤ ਮਾਨ ਨੇ ਸੁਖਬੀਰ ਬਾਦਲ 'ਤੇ ਵਿੰਨ੍ਹੇ ਤਿੱਖੇ ਨਿਸ਼ਾਨੇ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਦੇ ਹੈੱਲਪਲਾਈਨ ਨੰਬਰ ਜਾਰੀ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਉਪ ਮੁੱਖ ਮੰਤਰੀ ਨੂੰ ਇਹ ਦੱਸਣ ਦੀ ਚੁਣੌਤੀ ਦਿੱਤੀ ਕਿ ਉਨ੍ਹਾਂ ਨੇ ਕਿਸ ਹੈਸੀਅਤ 'ਚ ਇਹ ਨੰਬਰ ਜਾਰੀ ਕੀਤੇ ਹਨ। ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਸ਼ਰਮਨਾਕ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਨੁਮਾਇੰਦਿਆਂ ਦੀ ਬਜਾਏ ਇਨ੍ਹਾਂ ਨੰਬਰਾਂ ਦਾ ਵੇਰਵਾ ਜਨਤਕ ਕਰ ਰਹੇ ਹਨ।





ਉਨ੍ਹਾਂ ਕਿਹਾ ਕਿ ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵਲੋਂ ਹਾਲੇ ਤਕ ਨੰਬਰ ਜਨਤਕ ਨਹੀਂ ਕੀਤੇ ਗਏ ਪਰ ਸੁਖਬੀਰ ਬਾਦਲ ਆਪਣੇ ਚੈਨਲ 'ਤੇ ਇਹ ਨੰਬਰ ਜਾਰੀ ਕਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਕਿਸ ਹੈਸੀਅਤ ਨਾਲ ਇਹ ਨੰਬਰ ਜਾਰੀ ਕਰ ਕੇ ਲੋਕਾਂ ਤੋਂ ਮਦਦ ਮੰਗ ਰਹੇ ਹਨ, ਜਦਕਿ ਅਜੇ ਤਕ ਇਹ ਨੰਬਰ ਜਨਤਕ ਤੌਰ 'ਤੇ ਨਸ਼ਰ ਵੀ ਨਹੀਂ ਹੋਏ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਦਾ ਇਹ ਸਟੈਂਡ ਸਹੀ ਸਾਬਤ ਹੋਇਆ ਹੈ ਕਿ ਇੱਕ ਪਰਿਵਾਰ ਆਪਣੇ ਨਿੱਜੀ ਸਵਾਰਥਾਂ ਲਈ ਸ਼੍ਰੋਮਣੀ ਕਮੇਟੀ ਨੂੰ ਕੰਟਰੋਲ ਕਰ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਹੋਂਦ 'ਚ ਆਈ ਸੰਸਥਾ ਅੱਜ ਇਨ੍ਹਾਂ ਆਗੂਆਂ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਹਮੇਸ਼ਾ ਹੀ ਆਪਣੇ ਸਵਾਰਥੀ ਸਿਆਸੀ ਹਿੱਤਾਂ ਲਈ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਗੂ ਹੁਣ ਸੂਬੇ ਦੇ ਲੋਕਾਂ ਨੂੰ ਮੂਰਖ ਨਹੀਂ ਬਣਾ ਸਕਦੇ ਅਤੇ ਉਹ ਇਨ੍ਹਾਂ ਆਗੂਆਂ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਪਹਿਲਾਂ ਹੀ ਇਨ੍ਹਾਂ ਸੱਤਾ ਦੇ ਭੁੱਖੇ ਸਿਆਸਤਦਾਨਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਸੂਬੇ ਵਿੱਚ ਭਾਰੀ ਬਹੁਮਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ॥


Starts From $1499
DENTAL IMPLANT
ਡੈਂਟਲ ਇੰਪਲਾਂਟ
NO OBLIGATION CONSULT
OUR DENTAL FEES ARE LOWER THAN ALBERTA FEE GUIDE
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
NEW PATIENTS WELCOME
WALK-IN EMERGENCIES
SEEN SAME DAY
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
ਸਾਡਾ ਸਾਰਾ ਸਟਾਫ ਹਿੰਦੀ ਅਤੇ ਪੰਜਾਬੀ ਬੋਲਦਾ ਹੈ।
We speak Urdu, Punjabi and Hindi in addition to English.

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ
ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ


BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4


# SOUTH POINT

A MASTER PLANNED COMMUNITY




## 70 ਏਕੜ ਰਿਹਾਇਸੀ ਕਮਿਓਨਿਟੀ ਵਿੱਚ ਘਰ ਹੁਣ ਵੇਚੇ ਜਾ ਰਹੇ ਹਨ



















403.980.1979 | VESTASOUTHPOINT.COM

VESTA PROPERTIES

Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਬੈਸਟ ਬਾਇ ਫਰਨੀਚਰ ਵਾਲੇ ਕਰਮਪਾਲ ਸਿੱਧੂ ਨੇ ਸਟੈਂਪੀਡ ਮੇਲਾ ਕਰਵਾਕੇ ਵਿਲੱਖਣ ਪ੍ਰਿਤ ਪਾਈ

















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਹਰ ਸਾਲ ਜੁਲਾਈ ਦੇ ਪਹਿਲੇ ਹਫਤੇ ਲੱਗਣ ਵਾਲਾ ਮੇਲਾ ਜਿਸ ਵਿੱਚ ਤਕਰੀਬਨ ਹਰ ਰੋਜ ਸਵਾ ਲੱਖ ਦੇ ਕਰੀਬ ਮੇਲੇ ਦੇ ਮੇਲੀ ਮੇਲਾ ਦੇਖਣ ਆਉਂਦੇ ਹਨ,ਤੋਂ ਪ੍ਰਭਾਵਿਤ ਹੋਕੇ ਪੰਜਾਬੀਆਂ ਦਾ ਆਪਣਾ ਇੱਕ ਦਿਨਾਂ ਸਟਂਪੀਡ ਮੇਲਾ ਕਰਵਾਉਣ ਦਾ ਉਪਰਾਲਾ ਬੈਸਟ ਬਾਇ ਫਰਨੀਚਰ ਕੈਲਗਰੀ ਵਾਲੇ ਕਰਮਪਾਲ ਸਿੱਧੂ ਨੇ ਪਿਛਲੇ ਸਾਲ ਸੁਰੂ ਕੀਤਾ ਸੀ। ਇਸ ਸਾਲ 9 ਜੁਲਾਈ 2023 ਵਾਲੇ ਦਿਨ ਆਪਣੇ ਫਰਨੀਚਰ ਸਟੋਰ ਦੇ ਸਾਹਮਣੇ ਕਰਵਾਏ ਗਏ ਇਸ ਮੇਲੇ ਦੀ ਸ਼ਾਨ ਵੱਖਰੀ ਸੀ। ਜਿੱਥੇ ਤੁੰਗਵਾਲੀ ਵਾਲਾ ਭਿੰਦਰ ਹਲਵਾਈ ਗਰਮਾ ਗਰਮ ਜਲੇਬੀਆਂ ਲੋਕਾਂ ਦੇ ਮੁਫਤ ਖਾਣ ਲਈ ਕੱਢ ਰਿਹਾ ਸੀ ਉੱਥੇ ਇੱਕ ਹੋਰ ਵੱਡੀ ਟੀਮ ਮੁਰਗਾ ਭੁੰਨ ਭੁੰਨਕੇ ਹਰ ਕਿਸੇ ਨੂੰ ਮੁਫਤ ਖਾਣ ਲਈ ਆਵਾਜਾਂ ਮਾਰ ਰਹੀ ਸੀ। ਪੁਰਾਣੇ ਜ਼ਮਾਨੇ ਦੇ ਟਰੈਕਟਰ ਅਤੇ ਪੁਰਾਣੀਆਂ ਕਾਰਾਂ ਇਸ ਮੇਲੇ ਦੀ ਸ਼ਾਨ ਨੂੰ ਚਾਰ ਚੰਨ ਲਾ ਰਹੀਆਂ ਸਨ। ਗਾਉਣ ਵਾਲੇ ਮੁੰਡਿਆਂ ਦੀ ਟੋਲੀ ਵਿੱਚ ਹਸਤਿੰਦਰ, ਪੰਮਾਂ ਡੁੰਮੇਵਾਲ, ਗੋਲਡੀ ਮਾਣਕ,ਦਲਜੀਤ ਸੰਧੂ ਅਤੇ ਹੋਰ ਸਥਾਨਿਕ ਗਾਇਕ ਆਪੋ ਆਪਣੀ ਕਲਾ ਦੇ ਰੰਗ ਵਿਖਾਉਣ ਲਈ ਆਏ ਹੋਏ ਸਨ,ਪਰ ਅਚਾਨਕ ਆਏ ਮੀਂਹ ਨੇ ਰੰਗ ਵਿੱਚ ਭੰਗ ਪਾ ਦਿੱਤਾ। ਕੁਦਰਤੀ ਤੌਰ ਤੇ ਪਏ ਇਸ ਰੰਗ ਵਿੱਚ ਭੰਗ ਨੂੰ ਕਰਮਪਾਲ ਸਿੱਧੂ ਦੀ ਖੁਲਦਿਲੀ ਨੇ ਇੱਕ ਨਵੇਂ ਰੰਗ ਵਿੱਚ ਬਦਲ ਦਿੱਤਾ। ਸਾਰੇ ਮੇਲੇ ਦੇ ਮੇਲੀਆਂ ਨੂੰ ਫਰਨੀਚਰ ਸਟੋਰ ਦੇ ਅੰਦਰ ਹੀ ਵਾੜ ਲਿਆ। ਨਵੇਂ ਨਕੋਰ ਵਿਕਣ ਲਈ ਤਿਆਰ ਪਏ ਸੋਫਿਆਂ ਉੱਪਰ ਹੁਣ ਗਾਹਕ ਨਹੀਂ ਸਗੋਂ ਮੇਲੇ ਦੇ ਮੇਲੀ ਬੈਠੇ ਗਾਉਣ ਵਾਲਿਆਂ ਦਾ ਆਨੰਦ ਮਾਣ ਰਹੇ ਸਨ। ਇਸ ਮੌਕੇ ਕਰਮਪਾਲ ਸਿੱਧੂ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ ਕਿ ਬੈਸਟ ਬਾਇ ਸਟੋਰ ਮੇਰਾ ਨਹੀਂ ਇਹਨਾਂ ਕੈਲਗਰੀ ਵਾਲੇ ਲੋਕਾਂ ਦਾ ਹੀ ਇਹ ਇਸ ਨੂੰ ਜਿਵੇਂ ਮਰਜੀ ਵਰਤਣ,ਇਹ ਉਹਨਾਂ ਦੀ ਮਰਜੀ ਹੈ। ਥੋੜਾ ਮੀਂਹ ਰੁਕਿਆ ਤਾਂ ਫਿਰ ਸਟੇਜ ਬਾਹਰ ਪਾਰਕਿੰਗ ਲਾਟ ਵਿੱਚ ਹੀ ਲਗਾ ਦਿੱਤੀ। ਗਾਉਣ ਵਾਲੇ ਮੁੰਡਿਆਂ ਨੇ ਦਿਲ ਭਰਕੇ ਨਵੇਂ ਪੁਰਾਣੇ ਗੀਤਾਂ ਨਾਲ ਕੈਲਗਰੀ ਵਾਸੀਆਂ ਮੰਨੋਰੰਜਨ ਕੀਤਾ। ਇਸ ਸਫਲ ਪਰੋਗਰਾਮ ਲਈ ਕਰਮਪਾਲ ਸਿੱਧੂ,ਰਾਜਪਾਲ ਸਿੱਧੂ ਅਤੇ ਉਹਨਾਂ ਦੀ ਸਮੁੱਚੀ ਬੈਸਟ ਬਾਇ ਫਰਨੀਚਰ ਕੈਲਗਰੀ ਅਤੇ ਬੀਕਾਨੇਰ ਸਵੀਟਸ ਦੀ ਟੀਮ ਵਧਾਈ ਦੀ ਹੱਕਦਾਰ ਹੈ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Punjab Insurance Inc


ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!




ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ



Uber Eats
LAKESIDE
MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਬਉਮਾਂਟ ਵਾਸੀ ਬੀਬੀਆ ਦਾ ਕਹਿਣਾ ਹੈ ਕਿ ਪ੍ਰਸ਼ਾਸ਼ਨ ਨੇ ਗੌਰ ਨਾ ਕੀਤਾ ਤਾਂ ਅਸੀਂ ਸੰਘਰਸ਼ ਸ਼ੁਰੂ ਕਰ ਦੇਵਾਂਗੀਆਂ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਤੋਂ 8 ਕਿਲੋਮੀਟਰ ਦੂਰ ਬਉਮਾਂਟ ਵਿਖੇ ਫਾਰੈਸਟ ਹਾਈਟ ਤੇ ਝੀਲ ਦੇ ਕੰਢੇ ਸੀਨੀਅਰ ਬੀਬੀਆਂ ਤੇ ਵਰਕਿੰਗ ਵੂਮੈਨ ਦੀ ਮੀਟਿੰਗ ਬੀਬੀ ਗੁਰਜੀਤ ਕੌਰ ਜੀ ਦੀ ਪਰਧਾਨਗੀ ਹੇਠ ਹੋਈ। ਜਿਸ ਵਿੱਚ ਸੀਨੀਅਰ ਬੀਬੀਆਂ ਨੂੰ ਆ ਰਹੀਆਂ ਮੁਸ਼ਕਲਾਂ ਜਿਸ ਵਿੱਚ ਬੱਸ ਸਰਵਿਸ ਦਾ ਨਾ ਹੋਣਾ ਬਾਰੇ ਵਿਚਾਰ ਕੀਤੀ ਗਈ। ਸਿਟੀ ਪ੍ਰਸ਼ਾਸ਼ਨ ਮੇਅਰ ਤੋ ਜੋਰਦਾਰ ਮੰਗ ਕੀਤੀ ਗਈ ਕਿ ਫਾਰੈਸਟ ਹਾਈਟ ਬਉਮਾਂਟ, ਪੂਰੇ ਬਉਮਾਂਟ ਵਿੱਚ ਆਨ ਡਿਮਾਂਡ ਬੱਸ ਸਰਵਿਸ ਚਲਾਈ ਜਾਵੇ। ਐਡਮਿੰਟਨ ਤੱਕ ਪੂਰਾ ਦਿਨ ਸੱਤੇ ਦਿਨ ਬੱਸ ਸਰਵਿਸ ਚੱਲਣੀ ਚਾਹੀਦੀ ਹੈ। ਬਜੁਰਗ ਬੀਬੀਆਂ ਨੂੰ ਦਵਾਈ ਲਈ , ਡਾਕਟਰ ਕੋਲ ਇਲਾਜ ਲਈ, ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਜਾਣ ਵਾਸਤੇ ਕੋਈ ਹੀਲਾ ਨਹੀ। ਪ੍ਰਸ਼ਾਸ਼ਨ ਇਸ ਮਸਲੇ ਵੱਲ ਤੁਰੰਤ ਧਿਆਨ ਦਿੰਦਿਆਂ ਸਾਡੀ ਮੰਗ ਪੂਰੀ ਕਰੇ ਤਾਂ ਜੋ ਸਾਨੂੰ ਕੋਈ ਰਾਹਤ ਮਿਲ ਸਕੇ। ਓਗਰ ਪ੍ਰਸ਼ਾਸ਼ਨ ਨੇ ਜਲਦੀ ਗੌਰ ਨਾ ਕੀਤਾ ਤਾਂ



ਅਸੀਂ ਸੰਘਰਸ਼ ਕਰਨ ਤੋ ਵੀ ਪਿੱਛੇ ਨਹੀ ਹਟਾਂਗੀਆਂ । ਅਗਰ ਦਵਾਈ ਖੁਣੋ ਜਾਂ ਡਾਕਟਰੀ ਸਹਾਇਤਾ ਤੋਂ ਬਿਨਾਂ ਕਿਸੇ ਸੀਨੀਅਰ ਦੀ ਮੌਤ ਹੋ ਜਾਂਦੀ ਹੈ ਤਾਂ 5 ਲੱਖ ਡਾਲਰ ਸਿਟੀ ਆਫਿਸ ਮੇਅਰ ਤੋ ਕਲੇਮ ਮੰਗਿਆ ਜਾਵੇਗਾ । ਅੱਜ ਦੀ ਮੀਟਿੰਗ ਵਿੱਚ ਬੀਬੀ ਅਮਰਜੀਤ ਕੌਰ, ਕੁਲਵੰਤ ਕੌਰ, ਹਰਜਿੰਦਰ ਕੌਰ, ਜਰਨੈਲ ਕੌਰ, ਸਤਿੰਦਰ ਕੌਰ,ਬਲਜੀਤ ਕੌਰ, ਹਰਜੀਤ ਕੋਰ, ਕੁਲਦੀਪ ਕੌਰ, ਰਮਨਦੀਪ ਕੌਰ, ਮਨਪਰੀਤ ਕੌਰ, ਸੁਖਜੀਤ ਕੌਰ ਹਾਜ਼ਰ ਸਨ ।

# 21 ਜੁਲਾਈ 2023 ਵਾਲੇ ਦਿਨ –ਆਓ ਗਿੱਧਾ ਪਾ ਲਈਏ, ਪ੍ਰੋਗਰਾਮ ਵਿੱਚ ਸਾਮਿਲ ਹੋਣ ਦੀ ਅਪੀਲ


ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੌਣ ਦੇ ਮਹੀਨੇ ਪੰਜਾਬ ਦੀਆਂ ਮੁਟਿਆਰਾਂ ਵੱਲੋਂ ਕਨੇਡਾ ਦੀ ਧਰਤੀ ਉੱਪਰ ਕੈਲਗਰੀ ਸਹਿਰ ਵਿਖੇ ਤੀਆਂ ਦਾ ਤਿਓਹਾਰ ਮਨਾਇਆ ਜਾ ਰਿਹਾ ਹੈ ।ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੋਨੀਆ ਦੁੱਗਲ, ਸੁੱਖੀ ਧਾਲੀਵਾਲ ਅਤੇ ਸੱਬੀ ਨੇ ਦੱਸਿਆ ਕਿ 21 ਜੁਲਾਈ 2023 ਵਾਲੇ ਦਿਨ ਪੌਲਿਸ ਕਨੇਡੀਅਨ ਸੈਂਟਰ ਕੈਲਗਰੀ ਵਿਖੇ ਇਹ ਤੀਆਂ ਲਗਾਈਆਂ ਜਾ ਰਹੀਆਂ ਹਨ। ਪਰੋਗਰਾਮ ਵਾਲੇ ਹਾਲ ਦੇ ਦਰਵਾਜੇ ਸਾਢੇ ਕੁ ਪੰਜ ਵਜੇ ਖੁੱਲ ਜਾਣਗੇ। ਫਿਰ ਜਿੰਨਾ ਚਿਰ ਸਾਡੀਆਂ ਭੈਣਾਂ ਨੱਚ ਨੱਚਕੇ ਥੱਕ ਨਹੀਂ ਜਾਂਦੀਆਂ ਜਾਂ ਫਿਰ ਹਾਲ ਦੇ ਪਰਬੰਧਕ ਇਹ ਨਹੀਂ ਕਹਿੰਦੇ ਕਿ ਬੀਬੀਓ ਹੁਣ ਅੱਧੀ ਰਾਤ ਹੋ ਗਈ ਐ! ਆਪੋ ਆਪਣੇ ਘਰ ਜਾਓ, ਉਨੀ ਦੇਰ ਤੱਕ ਪ੍ਰੋਗਰਾਮ ਚਲਦਾ ਰਹੇਗਾ। ਪ੍ਰੋਗਰਾਮ ਦੀਆਂ ਟਿਕਟਾਂ ਖਰੀਦਣ ਜਾਂ ਇਸ ਸਬੰਧੀ ਹੋਣ ਜਾਣਕਾਰੀ ਲਈ ਤੁਸੀਂ ਸੋਨੀਆ ਦੁੱਗਲ 403 671 0101, ਸੁੱਖੀ ਧਾਲੀਵਾਲ 403 399 8932 ਜਾਂ ਫਿਰ ਸੱਬੀ ਨਾਲ 587 207 4698 ਉੱਪਰ ਸੰਪਰਕ ਕਰ ਸਕਦੇ ਹੋ।




























HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਮੈਂਬਰਾਂ ਨੇ ਸਾਉਣ ਮਹੀਨੇ ਦਾ ਅਗਾਜ਼ ਇੰਝ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਜੁਲਾਈ ਮਹੀਨੇ ਦੀ ਮੀਟਿੰਗ, 16 ਜੁਲਾਈ, 2023 ਦਿਨ ਐਤਵਾਰ ਨੂੰ ਪਰੇਗੀ ਵਿੰਡ ਪਾਰਕ ਦੇ ਕੁਦਰਤੀ ਖੁੱਲ੍ਹੇ ਡੁੱਲੇ ਮਾਹੌਲ ਵਿੱਚ ਕੀਤੀ ਗਈ। ਕੁੱਝ ਉਤਸ਼ਾਹਿਤ ਭੈਣਾਂ ਨੇ 11:00 ਵਜੇ ਤੋਂ ਪਹਿਲਾਂ ਹੀ ਇੱਕ ਖਾਲੀ ਸ਼ੈੱਡ ਆ ਮੱਲਿਆ। ਹੌਲੀ ਹੌਲੀ ਰੌਣਕ ਵੱਧਦੀ ਗਈ। ਹਰ ਕੋਈ ਆਪਣੇ ਨਾਲ ਸੁਵਾਦੀ ਪਕਵਾਨ ਲੈ ਕੇ ਆਈ ਕਿਉਂਕਿ ਅੱਜ ਪੌਟ ਲੱਕ ਦਾ ਆਨੰਦ ਮਾਨਣ ਦਾ ਦਿਨ ਨਿਯਤ ਕੀਤਾ ਗਿਆ ਸੀ। ਕਰੀਬ 55 ਭੈਣਾਂ ਦਾ ਇਕੱਠ ਜਮ੍ਹਾਂ ਹੋ ਗਿਆ। ਕਈ ਆਪਣੇ ਬੈਠਣ ਲਈ ਕੁਰਸੀਆਂ ਲੈ ਕੇ ਆਈਆਂ ਸਨ, ਬਹੁਤੀਆਂ ਨੇ ਸ਼ੈੱਡ ਦੇ ਬੈਂਚਾ ਤੇ ਥਾਂ ਮੱਲ ਲਈ ਅਤੇ ਕਈ ਖੜੀਆਂ ਹੀ ਅਗਲੇਰੀ ਕਾਰਵਾਈ ਦਾ ਆਨੰਦ ਮਾਨਣ ਲਗੀਆਂ। ਆਪਸੀ ਗੱਲਬਾਤਾਂ ਦਾ ਦੌਰ ਖਤਮ ਹੋਇਆ ਤਾਂ ਗੁਰਚਰਨ ਥਿੰਦ ਨੇ ਵਿੱਧੀਵਤ ਕਾਰਵਾਈ ਆਰੰਭ ਕੀਤੀ। ਇਸ ਦਿਨ ਸਾਉਣ ਮਹੀਨਾ ਚੜ੍ਹਿਆ ਸੀ। ਸੋ ਪਹਿਲਾਂ ਸਭ ਨੂੰ ਇਸ ਕੁੜੀਆਂ ਚਿੜੀਆਂ ਲਈ ਖਾਸ ਤੌਰ ਤੇ ਨੱਚਣ ਕੁੱਦਣ ਵਾਲੇ ਮਹੀਨੇ ਦੀ ਵਧਾਈ ਦਿੰਦਿਆ, ਕੁਦਰਤ ਦੇ ਵੰਨ ਸੁਵੰਨੇ ਰੰਗਾਂ ਨਾਲ ਭਰਪੂਰ ਸਾਉਣ ਮਹੀਨੇ ਦੀ ਸਭਿਆਚਾਰਕ ਮਹੱਤਤਾ ਦੀ ਸਾਂਝ ਪਾਈ ਗਈ।

ਹਰਜੀਤ ਕੌਰ ਜੌਹਲ, ਜੋ ਕਿ ਬੋਲੀਆਂ ਦਾ ਖਜ਼ਾਨਾ ਸਾਂਭੀ ਬੈਠੀ ਹੁੰਦੀ ਹੈ, ਨੇ ਲੰਮੀਆਂ ਬੋਲੀਆਂ ਪਾ ਕੇ ਸਾਉਣ ਮਹੀਨੇ ਦੇ ਗਿੱਧੇ ਦੇ ਪਿੜ ਅਤੇ ਪੀਂਘਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਸੁਰਿੰਦਰ ਸੰਧੂ ਨੇ 'ਸਾਵਣ ਮਹੀਨੇ ਦਾ ਗੀਤ' ਸੁਣਾਇਆ। ਕੁਲਵੰਤ ਕੌਰ, ਮੁਖਤਿਆਰ ਧਾਲੀਵਾਲ, ਸੁਰਜੀਤ ਢਿਲੋਂ ਅਤੇ ਜਸਵਿੰਦਰ ਕੌਰ ਹੁਰਾਂ ਗੀਤ ਸੁਣਾਏ। ਸਭਾ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਦਵਿੰਦਰ ਕੌਰ ਸਿੱਧੂ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਕਿ ਉਹ ਲੁਧਿਆਣਾ ਦੇ ਦੌਧਰ ਪਿੰਡ ਦੇ ਰਹਿਣ ਵਾਲੇ ਹਨ ਅਤੇ ਲੋਪੋਂ ਕਾਲਜ ਵਿੱਚ ਪੰਜਾਬੀ ਲੈਕਚਰਾਰ ਵਜੋਂ ਸੇਵਾ ਨਿਭਾਉਣ ਉਪਰੰਤ ਰਿਟਾਇਰ ਹੋ ਚੁੱਕੇ ਹਨ। ਉਹ ਕਵਿਤਾਵਾਂ ਲਿਖਦੇ ਹਨ। ਉਨ੍ਹਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਤ ਕਵਿਤਾ ਸਾਂਝੀ ਕੀਤੀ। ਰਾਜਿੰਦਰ ਚੋਹਕਾ ਜੀ ਨੇ ਸਾਉਣ ਮਹੀਨੇ ਨਾਲ ਜੁੜੀਆਂ ਸਾਡੇ ਸਮਾਜ ਅਤੇ ਸਭਿਆਚਾਰ ਦੀਆਂ ਰਵਾਇਤਾਂ ਅਤੇ ਗੀਤੀ ਰਿਵਾਜ਼ਾਂ ਦੀ ਸਾਂਝ ਪਾਈ।



ਹਰਬੰਸ ਰਤਨ ਹੁਰਾਂ ਪੁਰਾਣੀਆਂ ਸਮਾਜਿਕ ਰਵਾਇਤਾਂ ਦੇ ਨਾਲ ਨਾਲ ਵੱਡੀ ਉਮਰ ਦੇ ਬੰਦੇ ਨਾਲ ਜੁਆਨ ਕੁੜੀ ਦੇ ਕੁਜੋੜ ਵਿਆਹਾਂ ਵਰਗੀਆਂ ਸਮਾਜਿਕ ਕੁਰੀਤੀਆਂ ਦਾ ਜ਼ਿਕਰ ਕੀਤਾ ਅਤੇ ਕਵਿਤਾ ਦੀ ਸਾਂਝ ਪਾਈ। ਫਿਰ ਖਾਣੇ ਵਾਲੇ ਭਾਂਡਿਆਂ ਦੇ ਮੂੰਹ ਖੋਲ੍ਹ ਦਿੱਤੇ ਗਏ ਅਤੇ ਸਭ ਨੇ ਆਪੋ ਆਪਣੇ ਮਨਭਾਉਂਦੇ ਖਾਣੇ ਦਾ ਖ਼ੂਬ ਆਨੰਦ ਮਾਣਿਆ।

ਖਾਣੇ ਤੋਂ ਬਾਦ ਗੀਤਾਂ ਬੋਲੀਆਂ ਦਾ ਦੌਰ ਸ਼ੁਰੂ ਹੋ ਗਿਆ। ਗੁਰਤੇਜ ਸਿੱਧੂ ਤੇ ਅਮਰਜੀਤ ਸੱਗੂ, ਗੁਰਜੀਤ ਬੈਦਵਾਨ ਤੇ ਗੁਰਿੰਦਰ ਸਿੱਧੂ, ਜਤਿੰਦਰ ਪੇਲੀਆ ਤੇ ਹਰਬੰਸ ਪੇਲੀਆ, ਜੋਗਿੰਦਰ ਪੁਰਬਾ, ਸੁਰਿੰਦਰ ਗਿੱਲ ਤੇ ਅਮਰਜੀਤ ਵਿਰਦੀ ਹੁਰਾਂ ਟੋਲੀਆਂ ਬਣਾ ਕੇ ਲੋਕ-ਗੀਤਾਂ ਦੀ ਛਹਿਬਰ ਲਾ ਦਿੱਤੀ।

In loving memory of
Charan Kanwal Singh Saggu
September 9, 1955 - July 14 2023
Funeral service
FRIDAY July 21st........ 1:00 pm
Edmonton crematorium and funeral home
6403 roper road NW Edmonton Alberta
Antim Ardaas (Prayers)
FRIDAY July 21st........ 3:00 pm
Gurdwara Millwoods
2606 Millwoods road east

ਇੰਮੀਗ੍ਰੇਸਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa • Start-up Visa
• Visitor Visa • Citizenship Application
• LMIA, PNP • PR Card Renewal
• Express Entry
R2 Immigration Services Inc.
Rahul Sharma 403-439-0007
RCIC
info@r2immi.ca 403-434-5555
4310 104 Ave NE #3266 Unit 2 Calgary AB T3J 1W5

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

ਹੁਣ ਨਵੀਆਂ ਲਾਟਾਂ ਵੇਚ ਰਹੇ ਹਾਂ
DAWSON'S LANDING CHESTERMERE
A QUALICO COMMUNITY
ਹਾਈ $400S ਤੋਂ ਘਰ ਸੁਰੂ ਹਨ
2 ਮੁਕੰਮਲ ਸਟੌਰਮ ਵਾਟਰ kidney™ ਪਥਵੇਅ ਏਰੀਆ
ਕੈਲਗਰੀ ਡਾਊਨਟਾਊਨ ਜਾਣ ਲਈ ਹਾਈ ਵੇਅ 1 ਨਾਲ ਜੁੜਦਾ ਰਸਤਾ
ਮਾਲਕ ਐਸੋਸੀਏਸ਼ਨ ਘਰ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਪਹਿਲਾ ਖੇਡ ਗਰਾਂਊਂਡ ਹੁਣ ਤਿਆਰ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਵਾਲੇ ਘਰ
ਲੇਨਡ ਡੁਪਲੈਕਸ
ਲੇਨਡ ਹੋਮ
NUVISTA HOMES • BROADVIEW HOMES • TRUMAN HOMES
MORRISON HOMES • TRICO HOMES • STERLING HOMES
RESERVE YOUR LOT TODAY!
Contact Us at: 403-801-1340
customercare@qualicocommunities.com
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed-
One year warranty
on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work
Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਗੱਲ ਘਰ ਘਰ ਦੀ--

## ਕੈਲਗਰੀ ਵਿੱਚ ਘਰਾਂ ਦੀਆਂ ਕੀਮਤਾਂ 11% ਚੜ੍ਹੀਆਂ




ਮਹਿੰਗਾਈ ਦੇ ਜ਼ਮਾਨੇ ਵਿੱਚ ਸਭ ਕੁਝ ਉੱਪਰ ਜਾ ਰਿਹਾ ਹੈ - ਇੰਸ਼ੋਰੈਂਸ ਪ੍ਰੀਮੀਅਮ, ਫ਼ੂਡ ਕੀਮਤਾਂ, ਮੌਰਗੇਜ ਦਰਾਂ, ਵਿਆਜ ਦਰਾਂ ਤੇ ਘਰਾਂ ਦੀਆਂ ਕੀਮਤਾਂ! ਜੂਨ ਮਹੀਨੇ ਵਿੱਚ ਕੈਲਗਰੀ ਵਿੱਚ 3146 ਘਰ ਵਿਕੇ ਹਨ ਜਦੋਂ ਇਸੇ ਮਹੀਨੇ ਪਿਛਲੇ ਸਾਲ 2837 ਘਰ ਵਿਕੇ ਸਨ। ਅਪਾਰਟਮੈਂਟਾਂ ਦੀ ਸੇਲ ਪਿਛਲੇ ਸਾਲ ਦੇ ਮੁਕਾਬਲੇ 48% ਵਧ ਗਈ ਦਰਜ ਹੋਈ ਹੈ। ਡੀਟੈਚਡ ਘਰਾਂ ਦੀ ਵਿੱਕਰੀ 3% ਅਤੇ ਸੈਮਾਇ-ਡੀਟੈਚਡ ਘਰਾਂ ਦੀ ਸੇਲ 8% ਵਧ ਗਈ ਹੈ। ਔਸਤ ਕੀਮਤ ਪਿਛਲੇ ਸਾਲ 5 ਲਖ 64 ਹਜ਼ਾਰ 700 ਡਾਲਰ ਸੀ ਜਿਹੜੀ ਇਸ ਸਾਲ 4% ਵਧ ਕੇ 5 ਲੱਖ 52 ਹਜ਼ਾਰ 273 ਡਾਲਰ ‘ਤੇ ਅੱਪੜ ਗਈ ਹੈ। ਮਈ ਮਹੀਨੇ ਦੇ ਮੁਕਾਬਲੇ ਔਸਤ ਮਾਰਕਿਟ ਕੀਮਤ 7% ਵਧੀ ਹੈ।

ਨਵੇਂ ਘਰ ਘੱਟ ਆ ਰਹੇ ਹਨ ਤੇ ਲਿਸਟਿੰਗ ਵਿਚ ਵੀ 3% ਦੀ ਕਮੀ ਪਿਛਲੇ ਸਾਲ ਦੇ ਮੁਕਾਬਲੇ ਦੇਖੀ ਜਾ ਰਹੀ ਹੈ।

ਦੂਜੇ ਸੂਬਿਆਂ ਅਤੇ ਦੂਜੇ ਮੁਲਕਾਂ ਤੋਂ ਆ ਰਹੇ ‘ਨਿਉ ਕਮਰਜ਼’ ਕਰਕੇ ਇਹ ਕੀਮਤਾਂ ਵਧੀਆਂ ਹਨ। ਇਸ ਸਾਲ ਇਹ ਰੁਝਾਣ ਜਾਰੀ ਰਹਿ ਸਕਦਾ ਹੈ ਭਾਵੇਂ ਕਿ ਬੈਂਕ ਵਿਆਜ ਦਰਾਂ ਤੇ ਮੌਰਗੇਜ ਦਰਾਂ ਵੀ ਵਧ ਰਹੀਆਂ ਹਨ।

ਇਨਵੈਸਟਮੈਂਟ ਪ੍ਰੌਪਰਟੀਜ਼ ਦੇ ਵਿਕਣ ਦਾ ਰੁਝਾਣ ਵੀ ਜਾਰੀ ਹੈ ਕਿਉਂਕਿ ਵੈਨਕੂਵਰ ਅਤੇ ਟੋਰੰਟੋ ਦੇ ਮੁਕਾਬਲੇ ਕੈਲਗਰੀ ਵਿੱਚ ਘਰਾਂ ਦੀ ਕੀਮਤ ਲਗਪਗ ਅੱਧੀ ਹੈ।

ਜੇ ਘਰਾਂ ਦੀ ਸਪਲਾਇ ਨਾ ਵਧੀ ਤਾਂ ਕੀਮਤਾਂ ਦੇ ਹੋਰ ਉੱਪਰ ਜਾਣ ਦੀ ਸੰਭਾਵਨਾ ਮਜ਼ਬੂਤ ਰਹੇਗੀ।

-ਅਮੂ ਨਾਗਰ

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਕੈਨੇਡਾ-ਦਿਵਸ ਚਾਵਾਂ ਨਾਲ਼ ਮਨਾਇਆ

**ਆ ਜਾ ਮੇਰੇ ਕੋਲ਼ ਬਹਿ ਕੇ ਦੱਸ ਖ਼ਾਂ ਭਲਾ, ਆਪਣੇ ਵਿਆਹ ਨੂੰ ਕਿੰਨੇ ਸਾਲ ਹੋ ਗਏ।**



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 7 ਜੁਲਾਈ 2023 ਨੂੰ ਐਡਵਰਦੀ ਪਾਰਕ ਦੇ ਖੁੱਲ੍ਹੇ ਰਮਣੀਕ ਮੈਦਾਨ ਵਿੱਚ ਹੋਈ। ਇਸ ਦਾ ਆਰੰਭ ’ ਕੈਨੇਡਾ’ ਅਤੇ ’ਜਨ ਗਣ ਮਨ’ ਦੇ ਗਾਇਨ ਨਾਲ ਹੋਇਆ। ਕੈਨੇਡਾ ਦਿਵਸ ਦੇ ਸੰਬੰਧ ਵਿਚ ਕੇਕ ਕੱਟਣ ਦੀ ਰਸਮ ਹੋਈ। ਚੋਣ ਕਮੇਟੀ ਵੱਲੋਂ ਕਰਮ ਸਿੰਘ ਭੁੱਲਰ ਨੇ ਅਗਲੇ ਦੋ ਸਾਲਾਂ ਲਈ ਕਾਰਜਕਾਰਨੀ ਦੀ ਸਰਬਸੰਮਤੀ ਨਾਲ ਹੋਈ ਚੋਣ ਦੇ ਨਤੀਜੇ ਦਾ ਐਲਾਨ ਕੀਤਾ, ਜਿਸ ਅਨੁਸਾਰ ਪ੍ਰਧਾਨ- ਸੁਰਿੰਦਰਜੀਤ ਪਲਾਹਾ, ਮੀਤ ਪ੍ਰਧਾਨ ਦਿਲਾਵਰ ਸਮਰਾ, ਸਕੱਤਰ ਗੁਰਦਿਆਲ ਸਿੰਘ ਖਹਿਰਾ, ਸਹਾਇਕ ਸਕੱਤਰ ਪ੍ਰਮਿੰਦਰ ਗਰੇਵਾਲ, ਖ਼ਜ਼ਾਨਚੀ ਪ੍ਰਸ਼ੋਤਮ ਭਾਰਦਵਾਜ, ਡਾਇਰੈਕਟਰ ਤਾਰਿਕ ਮਲਿਕ, ਬਰਿੰਦਰ ਮਦਾਨ, ਕਰਮ ਸਿੰਘ ਮੁੰਡੀ, ਜੋਗਾ ਸਿੰਘ ਲੈਹਲ, ਸੁਖਵਿੰਦਰ ਕੌਰ ਕੰਡੂ (ਸਾਰੇ ਪਿਛਲੀ ਕਾਰਜਕਾਰਨੀ ਤੋਂ) ਅਤੇ ਜਗਦੇਵ ਸਿੰਘ ਸਿੱਧੂ (ਨਵਾਂ) ਚੁਣੇ ਗਏ। ਸੁਰਿੰਦਰਜੀਤ ਪਲਾਹਾ ਨੇ ਚੋਣ-ਕਮੇਟੀ ਦੁਆਰਾ ਸਮੁੱਚੀ ਚੋਣ ਦਾ ਕੰਮ ਸੁਚੱਜੇ ਅਤੇ ਵਿਧੀ-ਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਉਸ ਦੇ ਤਿੰਨੇ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਾਰਜਕਾਰਨੀ ਦੇ ਸਾਰੇ ਮੈਂਬਰਾਂ ਨੂੰ ਤਨ-ਦੇਹੀ ਅਤੇ ਵਚਨਵੱਧਤਾ ਨਾਲ ਕੰਮ ਕਰਨ ਦੀ ਸਲਾਹ ਦਿੱਤੀ।

ਕੈਨੇਡਾ ਦਿਵਸ ਦੇ ਸੰਬੰਧ ਵਿੱਚ ਇਸ ਦੇ ਕਈ ਪਹਿਲੂਆਂ ’ਤੇ ਵਿਚਾਰ-ਚਰਚਾ ਹੋਈ। ਸੁਰਿੰਦਰਜੀਤ ਪਲਾਹਾ ਨੇ ਕੈਨੇਡਾ ਦੀ ਵਧ ਰਹੀ ਆਬਾਦੀ ਕਾਰਨ ਦਰ-ਪੇਸ਼ ਚੁਣੌਤੀਆਂ ਨੂੰ ਵਿਉਂਤਬੰਦ ਤਰੀਕੇ ਨਾਲ ਸੁਲਝਾਉਣ ਦੀ ਲੋੜ ਤੇ ਜ਼ੋਰ ਦਿੱਤਾ। ਦਰਸ਼ਨ ਧਾਲ਼ੀਵਾਲ਼ ਨੇ ਸਿਹਤ ਸਿਸਟਮ ਨੂੰ ਸੁਧਾਰਨ ਦੀ ਲੋੜ ਵੱਲ ਧਿਆਨ ਦਿਵਾਇਆ। ਡਾ: ਬਲਵਿੰਦਰ ਕੌਰ ਬਰਾੜ ਨੇ ਮਿਲ ਬੈਠਣ ਅਤੇ ਖ਼ੁਸ਼ੀਆਂ ਵੰਡਣ ਦੀ ਅਹਿਮੀਅਤ ਜਤਾਈ। ਕਰਮ ਸਿੰਘ ਮੁੰਡੀ, ਜਰਨੈਲ ਤੱਗੜ, ਲਲਿਤਾ, ਗੁਰਦਿਆਲ ਸਿੰਘ ਖਹਿਰਾ ਅਤੇ ਜਗਦੇਵ ਸਿੱਧੂ ਨੇ ਕੈਨੇਡਾ ਦਿਵਸ ਬਾਰੇ ਵੱਖ-ਵੱਖ ਪਹਿਲੂਆਂ ’ਤੇ ਵਿਚਾਰ ਰੱਖੇ। ਸਾਫ਼ ਸੁਥਰੀ ਗੀਤਕਾਰੀ ਅਤੇ ਗਾਇਕੀ ਦੇ ਕਲਾਕਾਰ ਦਰਸ਼ਨ ਤਿਓਣਾ ਨੇ ਦੋ ਗੀਤ ਗਾ ਕੇ ਦਰਸ਼ਕਾਂ ਨੂੰ ਕੀਲ ਲਿਆ -

ਸੱਸੇ ਨੀ ਤੇਰਾ ਲਾਡਲਾ, ਸੌ ਪੱਤਣਾਂ ਦਾ ਤਾਰੂ , -

ਪਿਆਰ ਹੀ ਕਰਦੇ ਰਹੀਏ ਯਾਰੋ ਦੁਨੀਆਂ ਸਾਰੀ ਨੂੰ-

ਡਾ: ਮਨਮੋਹਨ ਬਾਠ ਨੇ -ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ ਗਾ ਕੇ ਬੱਲੇ-ਬੱਲੇ ਕਰਵਾ ਦਿੱਤੀ। ਬਿੱਕਰ ਸਿੰਘ ਸੰਧੂ ਨੇ ਹਿੰਦੀ ਗਾਣਾ ਗਾਇਆ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਦੀ ਜੋੜੀ ਨੇ ਦੋਗਾਣਾ ਸੁਣਾ ਕੇ ਖ਼ੂਬ ਮਨੋਰੰਜਨ ਕੀਤਾ -

ਆ ਜਾ ਮੇਰੇ ਕੋਲ਼ ਬਹਿ ਕੇ ਦੱਸ ਖ਼ਾਂ ਭਲਾ,
ਆਪਣੇ ਵਿਆਹ ਨੂੰ ਕਿੰਨੇ ਸਾਲ ਹੋ ਗਏ।

ਵਿਨੋਦ ਕੁਮਾਰੀ ਦਾ ਗੀਤ- ਠਹਿਰੀਏ ਹੋਸ਼ ਮੇਂ ਆਈਏ ਅਤੇ ਸੁਰਿੰਦਰ ਢਿੱਲੋਂ ਦਾ ਬੂਹੇ ਬਾਰੀਆਂ ਵਰ੍ਹਦੀਆਂ ਕਣੀਆਂ ਵਿਚ ਸੰਗੀਤ ਦੀ ਛਹਿਬਰ ਲਾ ਗਏ। ਚਲਦੀ ਮਿਲਣੀ ਵਿੱਚ ਬਾਰਸ਼ ਤੇਜ਼ ਹੋਈ ਤਾਂ ਸ਼ੈਲਟਰ ਹੇਠ ਸੁਆਣੀਆਂ ਨੇ ਗੀਤਾਂ ’ਤੇ ਗਿੱਧਾ ਪਾ ਕੇ ਤੀਆਂ ਵਰਗੀ ਰੌਣਕ ਸਿਰਜ ਦਿੱਤੀ। ਜਰਨੈਲ ਤੱਗੜ, ਜਸਵੀਰ ਸਿਹੋਤਾ ਅਤੇ ਜੋਗਾ ਸਿੰਘ ਲੈਹਲ ਨੇ ਕਵਿਤਾਵਾਂ ਸੁਣਾ ਕੇ ਕਾਵਿ-ਵੰਨਗੀ ਪੂਰੀ ਕੀਤੀ। ਤਰਲੋਕ ਚੁੱਘ ਦੀ ਮਜ਼ਾਕੀਆ ਕਵਿਤਾ - ਤੂੰ ਕੀ ਜਾਣੇ ਪਿਆਰ ਕੀ ਹੁੰਦਾ - ਹਸਾ ਵੀ ਗਈ ਤੇ ਸੋਚੀਂ ਵੀ ਪਾ ਗਈ। ਭਜਨ ਸਿੰਘ ਸੱਗੂ ਨੇ ਮਿੰਨੀ ਕਹਾਣੀ ਸੁਣਾ ਕੇ ਨਵਾਂ ਰੰਗ ਪੇਸ਼ ਕੀਤਾ। ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਰਿਕਾਰਡ ਕੀਤਾ ਗਾਣਾ - ਦਾਹੜੀ ਚਿੱਟੀ ਹੋ ਗਈ ਪਰ ਟੈਪੂ ਆਪਣਾ ਹਾਈ ਐ - ਚਲਾ ਕੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਸਲੀਕੇ ਨਾ਼ਲ ਵਰਤਾਏ ਲਜ਼ੀਜ਼ ਖਾਣੇ ਨੇ ਕੈਨੇਡਾ ਦਿਵਸ ਨੂੰ ਹੋਰ ਵੀ ਯਾਦਗਾਰੀ ਬਣਾ ਦਿੱਤਾ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੋਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery l WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਦਾਖ਼ਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
International Students accepting
• Makeup
• Hair styling
• Manicure/Pedicure
• Microdermabrasion
• Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
GD COLLEGE CALGARY
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਅਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਚਿੰਤਾ ਨਾ ਕਰੋ, ਸਮਾਂ ਚਾਹੇ ਕਿੰਨਾਂ ਵੀ ਬੁਰਾ ਹੋਵੇ ਪਰ ਬਦਲਦਾ ਜ਼ਰੂਰ ਹੈ।

# ਹੜ੍ਹਾਂ ਦੀ ਮਾਰ

ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। 1988 ਵਿੱਚ ਜਦੋਂ ਹੜ੍ਹ ਆਏ ਤਾਂ ਉਹ ਮਾਝੇ ਖੇਤਰ ਤੱਕ ਸੀਮਤ ਸਨ। ਜਦੋਂ 1993 ਵਿੱਚ ਹੜ੍ਹ ਆਏ ਤਾਂ ਉਨ੍ਹਾਂ ਦੀ ਮਾਰ ਪਟਿਆਲਾ ਖੇਤਰ ਸੀ। ਹੁਣ ਜਦੋਂ 2023 ਦਾ ਹੜ੍ਹ ਆਇਆ ਤਾਂ ਇਸ ਨੇ ਮਾਝਾ, ਮਾਲਵਾ ਤੇ ਦੁਆਬਾ ਸਾਰੇ ਨੂੰ ਘੇਰ ਲਿਆ। ਸਤਲੁਜ, ਬਿਆਸ ਅਤੇ ਰਾਵੀ ਵੱਲੋਂ ਅੱਧੇ ਪੰਜਾਬ ’ਚ ਤਬਾਹੀ ਮਚਾਉਣ ਤੋਂ ਬਾਅਦ ਘੱਗਰ ਦਰਿਆ ਨੇ ਹੁਣ ਮੁੱਖ ਮੰਤਰੀ ਦੇ ਜ਼ਿਲ੍ਹੇ ਸੰਗਰੂਰ ’ਚ ਆਫ਼ਤ ਲਿਆ ਦਿੱਤੀ ਹੈ। ਪਹਿਲੀ ਵਾਰ ਇਹ ਦਰਿਆ 754 ਫੁੱਟ ਦੇ ਖ਼ਤਰਨਾਕ ਨਿਸ਼ਾਨ ’ਤੇ ਜਾ ਪੁੱਜਾ ਹੈ। ਆਮ ਦਿਨਾਂ ’ਚ ਇਹ ਇੱਕ ਆਮ ਨਾਲ਼ੇ ਵਾਂਗ ਹੀ ਵਹਿੰਦਾ ਹੈ ਪਰ ਬਰਸਾਤ ਦੇ ਦਿਨਾਂ ’ਚ ਇਹ ਲਗਪਗ ਹਰ ਵਰ੍ਹੇ ਹੀ ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ’ਚ ਤਬਾਹੀ ਮਚਾਉਂਦਾ ਹੈ। ਬਾਕੀ ਦੇ ਤਿੰਨ ਮੁੱਖ ਦਰਿਆਵਾਂ ਦੇ ਕੰਢਿਆਂ ਲਾਗਲੇ ਇਲਾਕਿਆਂ ’ਚ ਕਈ ਥਾਵਾਂ ’ਤੇ ਧੁੱਸੀ ਬੰਨ੍ਹਾਂ ’ਚ ਪਾੜ ਪਿਆ ਹੋਇਆ ਹੈ ਤੇ ਬਹੁਤ ਸਾਰੇ ਪਿੰਡ ਪਾਣੀ ’ਚ ਡੁੱਬੇ ਹੋਏ ਹਨ। ਐੱਨ ਡੀ ਆਰ ਐੱਫ, ਐੱਸ ਡੀ ਆਰ ਐੱਫ ਅਤੇ ਬਹੁਤ ਸਾਰੇ ਗ਼ੈਰ-ਸਰਕਾਰੀ ਸੰਗਠਨ ਦਿਨ-ਰਾਤ ਰਾਹਤ ਕਾਰਜਾਂ ’ਚ ਲੱਗੇ ਹੋਏ ਹਨ। ਐੱਨ ਡੀ ਆਰ ਐੱਫ ਦੀ ਇੱਕ ਕਿਸ਼ਤੀ ਪਟਿਆਲਾ ਜ਼ਿਲ੍ਹੇ ’ਚ ਸਨੌਰ ਲਾਗਲੇ ਇੱਕ ਪਿੰਡ ਕੋਲ ਟੁੱਟੇ ਹੋਏ ਪੁਲ਼ ਨਾਲ ਟਕਰਾ ਕੇ ਬੁਰੀ ਤਰ੍ਹਾਂ ਨੁਕਸਾਨੀ ਗਈ। ਰਾਹਤ ਕਾਰਜਾਂ ’ਚ ਲੱਗੀ ਟੀਮ ਨੇ ਮੌਕੇ ’ਤੇ ਛਾਲ਼ਾਂ ਮਾਰ ਕੇ ਆਪਣੀਆਂ ਜਾਨਾਂ ਬਚਾਈਆਂ। ਸੈਂਕੜੇ ਜਵਾਨ ਇਸ ਵੇਲੇ ਰਾਹਤ ਕਾਰਜਾਂ ’ਚ ਲੱਗੇ ਹੋਏ ਹਨ। ਸਰਕਾਰ ਨੂੰ ਅਜਿਹੇ ਵਲੰਟੀਅਰਾਂ ਨੂੰ ਜ਼ਰੂਰ ਉਤਸ਼ਾਹਤ ਕਰਨਾ ਚਾਹੀਦਾ ਹੈ। ਦੋਆਬਾ ਖੇਤਰ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ’ਚ ਕਈ ਪਿੰਡਾਂ ’ਚ ਪਾਣੀ ਭਰਿਆ ਹੋਇਆ ਹੈ। ਕੁੱਝ ਥਾਵਾਂ ’ਤੇ ਸੰਪਰਕ ਸੜਕਾਂ ਦੇ ਨਾਲ-ਨਾਲ ਹਾਈਵੇਅਜ਼ ਵੀ ਡੁੱਬੇ ਪਏ ਹਨ। ਉੱਧਰ ਸਾਡੇ ਦੇਸ਼ ਦੀ ਰਾਜਧਾਨੀ ਨੂੰ ਯਮੁਨਾ ਨਦੀ ’ਚ ਵਧਿਆ ਪਾਣੀ ਦਾ ਪੱਧਰ ਔਖਾ ਕਰ ਰਿਹਾ ਹੈ। ਉੱਥੇ ਬਹੁਤ ਸਾਰੇ ਇਲਾਕਿਆਂ ’ਚ ਪਾਣੀ ਭਰ ਗਿਆ ਹੈ। ਪੰਜਾਬ ਦੇ ਮੁੱਖ ਸ਼ਹਿਰ ਤੇ ਜ਼ਿਲ੍ਹਾ ਹੈੱਡਕੁਆਰਟਰਜ਼ ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਤੇ ਅੰਮ੍ਰਿਤਸਰ ਹਨ- ਇਹ ਸਾਰੇ ਇਸ ਵੇਲੇ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਬਾਰਿਸ਼ ਦਾ ਪਾਣੀ ਸੈਨੇਟਰੀ ਸੀਵਰੇਜ ਜ਼ਰੀਏ ਹੀ ਨਿਕਲਦਾ ਹੈ। ਜਦੋਂ ਵੀ ਕਦੇ ਭਾਰੀ ਵਰਖਾ ਹੁੰਦੀ ਹੈ ਤਾਂ ਸੀਵਰੇਜ ਇੰਨੇ ਜ਼ਿਆਦਾ ਪਾਣੀ ਦੀ ਨਿਕਾਸੀ ਕਰਨ ਦੇ ਸਮਰੱਥ ਨਹੀਂ ਹੁੰਦਾ। ਇਸੇ ਕਾਰਨ ਹੜ੍ਹ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਮਾਹਰਾਂ ਅਨੁਸਾਰ ਸੀਵਰੇਜ ਦੀ ਮਾੜੀ ਯੋਜਨਾਬੰਦੀ ਵੀ ਅਜਿਹੇ ਹਾਲਾਤ ਲਈ ਜ਼ਿੰਮੇਵਾਰ ਹੋ ਸਕਦੀ ਹੈ। ਨਿੱਕੀਆਂ ਕੱਸੀਆਂ, ਰਜਬਾਹਿਆਂ ਤੇ ਹੋਰ ਨਦੀਆਂ-ਨਾਲ਼ਿਆਂ ਦੀ ਸਮੇਂ ਸਿਰ ਸਫ਼ਾਈ ਨਹੀਂ ਕੀਤੀ ਜਾਂਦੀ, ਇਸ ਕਰਕੇ ਵੀ ਪਾਣੀ ਉਨ੍ਹਾਂ ’ਚ ਨੱਕੋ-ਨੱਕ ਭਰ ਕੇ ਚੱਲਦਾ ਹੈ ਜਾਂ ਕੰਢਿਆਂ ਤੋਂ ਬਾਹਰ ਵਗਦਾ ਹੋਇਆ ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਕਰ ਛੱਡਦਾ ਹੈ। ਇਸ ਤਾਜ਼ਾ ਮੀਂਹ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਕਰ ਛੱਡੀਆਂ ਹਨ। ਕਿਸਾਨ ਤਾਂ ਪਹਿਲਾਂ ਹੀ ਆਰਥਿਕ ਤੰਗਦਸਤੀਆਂ ਦੇ ਸ਼ਿਕਾਰ ਹਨ। ਬੀਤੇ ਤੋਂ ਸਬਕ ਸਿੱਖਦਿਆਂ ਹੁਣ ਰਾਜ ਦੇ ਸਾਰੇ ਦਰਿਆਈ ਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ ਦੇ ਬੰਨ੍ਹਾਂ ਦੀ ਬਾਕਾਇਦਾ ਨਿਯਮਤ ਦੇਖਭਾਲ ਪਹਿਲ ਦੇ ਆਧਾਰ ’ਤੇ ਕਰਵਾਈ ਜਾਣੀ ਚਾਹੀਦੀ ਹੈ। ਪਾਣੀ ਦੀ ਸਹੀ ਨਿਕਾਸੀ ਨੂੰ ਕਦੇ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਨੇ ਤਰਜੀਹ ਨਹੀਂ ਦਿੱਤੀ। ਛੋਟੀ ਜਿੰਨੀ ਰਾਈ ਵੀ ਬਾਅਦ ’ਚ ਪਹਾੜ ਬਣ ਜਾਂਦੀ ਹੈ। ਉਂਜ ਵੀ ਠੋਕਰ ਕਦੇ ਵੱਡੇ ਪਹਾੜ ਤੋਂ ਨਹੀਂ, ਸਗੋਂ ਨਿੱਕੇ-ਨਿੱਕੇ ਪੱਥਰਾਂ ਜਾਂ ਇੱਟਾਂ-ਰੋੜਿਆਂ ਤੋਂ ਲੱਗਦੀ ਹੈ। ਇਹ ਮੰਨਣਯੋਗ ਹੈ ਕਿ ਕੁਦਰਤੀ ਕਰੋਪੀ ਕਾਰਨ ਜੇ ਕਦੇ ਮਾੜਾ ਵਾਪਰ ਜਾਵੇ ਤਾਂ ਉਸ ’ਤੇ ਕਿਸੇ ਦਾ ਜ਼ੋਰ ਨਹੀਂ ਚੱਲਿਆ ਕਰਦਾ ਪਰ ਜੇ ਉਸ ਤੋਂ ਭਵਿੱਖ ਲਈ ਕੋਈ ਸਾਰਥਕ ਸਬਕ ਨਾ ਸਿੱਖਿਆ ਜਾਵੇ ਤਾਂ ਵੀ ਹਾਲਾਤ ਚਿੰਤਾਜਨਕ ਬਣ ਜਾਂਦੇ ਹਨ। ਪੰਜਾਬ ਨਾਲ ਇਸ ਵਾਰ ਅਜਿਹਾ ਕੁੱਝ ਹੀ ਵਾਪਰਿਆ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.
-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਹੜ੍ਹਾਂ ਦਾ ਕਹਿਰ, ਨੇਤਾਵਾਂ ਦੀ ਅਸੰਵੇਦਨਸ਼ੀਲਤਾ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ‘ਚ ਹੜ੍ਹਾਂ ਨਾਲ ਮਰਨ ਵਾਲਿਆਂ ਦਾ ਅੰਕੜਾ ਵੇਖ-ਪੜ੍ਹਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਪਰ ਨੇਤਾ ਲੋਕ ਇੰਨੇ ਅਸੰਵੇਦਨਸ਼ੀਲ ਹੋ ਗਏ ਹਨ ਕਿ ਉਹਨਾ ਦਾ ਦਿਲ ਨਾ ਹੀ ਦਿਹਲਦਾ ਹੈ, ਨਾ ਹੀ ਪਸੀਜਦਾ ਹੈ। ਉਹ ਤਾਂ ਹੈਲੀਕਾਪਟਰ ‘ਤੇ ਚੜ੍ਹਦੇ ਹਨ, ਦੌਰੇ ਕਰਦੇ ਹਨ, ਇਸ ਨਾਲ ਹੀ ਉਹ ਆਪਣੀ ਜ਼ੁੰਮੇਵਾਰੀ ਪੂਰੀ ਹੋ ਗਈ ਸਮਝਦੇ ਹਨ।

ਹਾਕਮਾਂ ਦੇ ਹੜ੍ਹਾਂ ਦਰਮਿਆਨ ਬਿਆਨ ਆਉਂਦੇ ਹਨ, ਵਿਰੋਧੀ ਧਿਰ ਦੇ ਨੇਤਾਵਾਂ ਦੇ ਬਿਆਨ ਵੀ ਚਮਕਦੇ ਹਨ। ਫਿਰ ਹੜ੍ਹ ਦਾ ਪਾਣੀ ਉਤਰ ਜਾਂਦਾ ਹੈ। ਬਿਆਨ ਵੀ ਮੱਧਮ ਹੋ ਜਾਂਦੇ ਹਨ। ਇਹਨਾ ਹੜ੍ਹਾਂ ਤੋਂ ਬਚਾਅ ਦਾ ਪੱਕਾ ਪ੍ਰਬੰਧ ਉਹਨਾ ਨੇ ਹੀ ਕਰਨਾ ਹੈ, ਉਹ ਇਹ ਭੁੱਲ ਹੀ ਜਾਂਦੇ ਹਨ। ਨੇਤਾ, ਲੋਕਾਂ ਨੂੰ ਰਾਹਤ ਦੇਣ ਦੀ ਥਾਂ, ਇੱਕ-ਦੂਜੇ ਨੂੰ ਦੋਸ਼ੀ ਠਹਿਰਾਅ ਕੇ, ਆਪਣੀ ਜਵਾਬਦੇਹੀ ਤੋਂ ਪੱਲਾ ਛੁਡਾ ਰਹੇ ਹਨ।

ਹੜ੍ਹਾਂ ਨਾਲ ਨੁਕਸਾਨ ਲਗਾਤਾਰ ਵੱਧ ਰਿਹਾ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਡੁੱਬ ਰਹੇ ਖੇਤਰਾਂ ਵਿੱਚ ਪਿਛਲੇ ਕੁਝ ਵਰ੍ਹਿਆਂ ਦੌਰਾਨ ਆਰਥਿਕ ਗਤੀਵਿਧੀਆਂ ਬਹੁਤ ਵਧ ਗਈਆਂ ਹਨ ਅਤੇ ਨਵੀਆਂ, ਵੱਡੀਆਂ ਇਨਸਾਨੀ ਬਸਤੀਆਂ ਵਸ ਰਹੀਆਂ ਹਨ। ਇਸ ਨਾਲ ਨਦੀਆਂ ਦੇ ਡੁੱਬ ਰਹੇ ਖੇਤਰ ਵਿੱਚ ਆਉਣ ਵਾਲੇ ਲੋਕ ਦਾ ਹੜ੍ਹ ਦਾ ਸ਼ਿਕਾਰ ਹੋਣ ਦਾ ਖਦਸ਼ਾ ਸਾਲੋ-ਸਾਲ ਵਧਦਾ ਜਾ ਰਿਹਾ ਹੈ। ਜੇਕਰ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਬਨਾਉਣਾ ਜਾਂ ਸੁਰੱਖਿਅਤ ਕਰਨਾ ਸਰਕਾਰਾਂ ਦੇ ਅਜੰਡੇ ‘ਤੇ ਹੁੰਦਾ ਤਾਂ ਹੜ੍ਹ ਨੂੰ ਰੋਕਿਆ ਜਾਂ ਘਟਾਇਆ ਜਾ ਸਕਦਾ ਹੁੰਦਾ।

ਹੜ੍ਹ ਤਦ ਆਉਂਦੇ ਹਨ, ਜਦ ਪਾਣੀ ਸਮੁੰਦਰਾਂ, ਮਹਾਂਸਾਗਰਾਂ, ਤਲਾਬਾਂ, ਝੀਲਾਂ, ਨਹਿਰਾਂ ਜਾਂ ਨਦੀਆਂ ਸਮੇਤ ਸਾਰੇ ਜਲ ਸਰੋਤਾਂ ਤੋਂ ਉਵਰ ਫਲੋ ਹੋ ਜਾਂਦਾ ਹੈ, ਜਿਸ ਨਾਲ ਸੁੱਕੀ ਜ਼ਮੀਨ ਜਲਮਗਨ ਹੋ ਜਾਂਦੀ ਹੈ। ਹੜ੍ਹ ਖਾਸ ਤੌਰ ‘ਤੇ ਭਾਰਤ ਵਿੱਚ ਸਭਾ ਤੋਂ ਆਮ ਅਤੇ ਗੰਭੀਰ ਕੁਦਰਤੀ ਮੌਸਮੀ ਘਟਨਾ ਹੈ, ਜਿਸ ਨਾਲ ਜੀਵਨ, ਜਾਇਦਾਦ ਅਤੇ ਅਜੀਵਕਾ ਦਾ ਭਾਰੀ ਨੁਕਸਾਨ ਹੁੰਦਾ ਹੈ।

ਉਤਰਾਖੰਡ ‘ਚ ਇਸ ਵਰ੍ਹੇ ਮੀਂਹ ਅਤੇ ਹੜ੍ਹ ਨੇ ਤਬਾਹੀ ਮਚਾ ਰੱਖੀ ਹੈ। ਪਰਬਤ ਡਿੱਗ ਪਏ। ਮਕਾਨ ਜ਼ਮੀਨਦੋਜ਼ ਹੋ ਗਏ। ਜਾਨੀ-ਮਾਲੀ ਅੰਤਾਂ ਦਾ ਨੁਕਸਾਨ ਹੋਇਆ। ਪੰਜਾਬ, ਹਰਿਆਣਾ, ਦਿੱਲੀ ਦੇ ਲੋਕ ਹੜ੍ਹਾਂ ਕਾਰਨ ਪ੍ਰੇਸ਼ਾਨ ਹੋ ਚੁੱਕੇ ਹਨ। ਸੜਕਾਂ ਟੁੱਟ ਗਈਆਂ ਹਨ। ਫਸਲਾਂ ਤਬਾਹ ਹੋ ਗਈਆਂ ਹਨ। ਜਨ ਜੀਵਨ ਥੰਮ ਗਿਆ ਹੈ। ਲੋਕਾਂ ਕੋਲ ਖਾਣ ਲਈ ਭੋਜਨ ਨਹੀਂ, ਪੀਣ ਲਈ ਪਾਣੀ ਨਹੀਂ। ਪੰਜਾਬ ‘ਚ ਇੱਕ ਸਰਕਾਰੀ ਜਾਣਕਾਰੀ ਅਨੁਸਾਰ 2.40 ਲੱਖ ਹੈਕਟੇਅਰ ਝੋਨੇ ਦਾ ਰਕਬਾ ਬਰਸਾਤ ਕਾਰਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ। 83000 ਹੈਕਟੇਅਰ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਉਂਜ ਦੇਸ਼ ਵਿੱਚ ਵੀ ਰਾਸ਼ਟਰੀ ਹੜ੍ਹ ਕਮਿਸ਼ਨ ਦੇ ਅਨੁਸਾਰ ਭਾਰਤ ਵਿੱਚ ਚਾਰ ਕਰੋੜ ਹੈਕਟੇਅਰ ਧਰਤੀ ਨੂੰ ਹੜ੍ਹਾਂ ਨੇ ਪਲੇਟ ‘ਚ ਲਿਆ ਹੈ।

ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਦੇ ਅੰਕੜੇ ਪ੍ਰਕਾਸ਼ਤ ਕੀਤੇ ਹਨ। ਜਿਸ ਅਨੁਸਾਰ ਦੇਸ਼ ਵਿੱਚ ਪਿਛਲੇ 64 ਸਾਲਾਂ ਵਿੱਚ ਇੱਕ ਲੱਖ ਤੋਂ ਜਿਆਦਾ ਲੋਕਾਂ ਦੀ ਹੜ੍ਹਾਂ ਕਾਰਨ ਮੌਤ ਹੋਈ। ਹਰ ਸਾਲ ਔਸਤਨ 1654 ਲੋਕਾਂ ਤੋਂ ਇਲਾਵਾ 92,763 ਪਸ਼ੂ ਮਾਰੇ ਗਏ। ਸੂਬਿਆਂ ਵਿੱਚ ਸਲਾਨਾ ਔਸਤਨ 1680 ਕਰੋੜ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। 12.40 ਲੱਖ ਮਕਾਨ ਹਰ ਸਾਲ ਨੁਕਸਾਨੇ ਜਾਂਦੇ ਹਨ ਜਾਂ ਧਰਤੀ ‘ਚ ਸਿਮਟ ਜਾਂਦੇ ਹਨ। ਇਹਨਾ 64 ਵਰ੍ਹਿਆਂ ‘ਚ ਇੱਕ ਅਨੁਮਾਨ ਅਨੁਸਾਰ 2.02 ਲੱਖ ਕਰੋੜ ਦੀ ਜਾਇਦਾਦ ਅਤੇ 1.09 ਲੱਖ ਕਰੋੜ ਦੀਆਂ ਫਸਲਾਂ ਤਬਾਹ ਹੋਈਆਂ। ਇਥੇ ਹੀ ਬੱਸ ਨਹੀਂ 25.6 ਲੱਖ ਹੈਕਟੇਅਰ ਉਪਜਾਊ ਖੇਤ ਨਸ਼ਟ ਹੋ ਗਏ ਅਤੇ ਇਹਨਾ 64 ਸਾਲਾਂ ‘ਚ ਕੁਲ ਮਿਲਾਕੇ 205.8 ਕਰੋੜ ਲੋਕ ਪ੍ਰਭਾਵਿਤ ਹੋਏ। ਅਰਥਾਤ ਦੇਸ਼ ਦੀ ਮੌਜੂਦਾ ਆਬਾਦੀ ਦੇ ਡੇਢ ਗੁਣਾ ਤੋਂ ਵੀ ਵਧ ਲੋਕ ਵਾਰ-ਵਾਰ ਹੜ੍ਹਾਂ ਦੀ ਮਾਰ ਹੇਠ ਆਏ।

ਅਸਲ ਵਿੱਚ ਭਾਰਤ ਵਿੱਚ ਹੁਣ ਹੜ੍ਹ ਸਿਰਫ਼ ਕੁਦਰਤੀ ਆਫਤ ਹੀ ਨਹੀਂ ਰਹੇ ਸਗੋਂ ਮਾਨਵਤਾ ਆਫਤ ਬਣਦੇ ਜਾ ਰਹੇ ਹਨ। ਦੇਸ਼ ‘ਚ ਅੰਧਾਧੁੰਦ ਜੰਗਲਾਂ ਦੀ ਕਟਾਈ, ਬੇਤਹਾਸ਼ਾ ਸ਼ਹਿਰੀਕਰਨ, ਨਦੀਆਂ ਦਾ ਪ੍ਰਵਾਹ ਰੋਕਣਾ ਤੀਬਰ ਹੜ੍ਹਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਇਸ ਨਾਲ ਹੜ੍ਹਾਂ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਰਹੀ ਹੈ ਅਤੇ ਹਰ ਵਰ੍ਹੇ ਲਗਾਤਾਰ ਵਧ ਰਹੀ ਹੈ, ਕਿਉਂਕਿ ਇਸ ਵਾਧੇ ਨੂੰ ਰੋਕਣ ਲਈ ਯਤਨ ਹੀ ਨਹੀਂ ਹੋ ਰਹੇ।



ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹੜ੍ਹ ਨਾਲ ਸਬੰਧਤ ਜੋ ਮੌਤਾਂ ਹੁੰਦੀਆਂ ਹਨ ਉਹਨਾ ਵਿਚੋਂ 20 ਫੀਸਦੀ ਭਾਰਤ ‘ਚ ਹੁੰਦੀਆਂ ਹਨ। ਭਾਰਤ ‘ਚ ਕਲੱਕਤਾ, ਮੁੰਬਈ ਤੋਂ ਬਿਨ੍ਹਾਂ ਗੁਆਂਢੀ ਦੇਸ਼ਾਂ ਦੇ ਢਾਕਾ(ਬੰਗਾਲ), ਕਰਾਚੀ ( ਪਾਕਿਸਤਾਨ) ਵਿੱਚ ਲਗਭਗ ਪੰਜ ਕਰੋੜ ਲੋਕਾਂ ਨੂੰ ਹੜ੍ਹ ਦੀ ਗੰਭੀਰ ਪੀੜਾ ਸਹਿਣੀ ਪੈ ਸਕਦੀ ਹੈ। ਪੂਰੇ ਦੱਖਣੀ ਭਾਰਤ ਵਿੱਚ ਤਾਪਮਾਨ ਵਧ ਰਿਹਾ ਹੈ ਅਤ ਅਗਲੇ ਕੁਝ ਦਹਾਕਿਆਂ ‘ਚ ਹੋਰ ਵੀ ਵਧੇਗਾ। ਜਿਸ ਨਾਲ ਦੇਸ਼ ਵਿੱਚ ਜਲਵਾਯੂ ਪਰਿਵਰਤਨ ਹੋਏਗਾ। ਅਤੇ ਹੜ੍ਹਾਂ ਦਾ ਕਹਿਰ ਵਧੇਗਾ। ਹੜ੍ਹ ਆਏਗਾ ਤਾਂ ਪੀਣ ਵਾਲੇ ਪਾਣੀ ਦੀ ਮੰਗ ਵਧੇਗੀ। ਵਿਸ਼ਵ ਬੈਂਕ ਅਨੁਸਾਰ ਮੱਧ ਪ੍ਰਦੇਸ਼ ਹੜ੍ਹ ਦੀ ਗੰਭੀਰ ਮਾਰ ਹੇਠ ਹੋਵੇਗਾ।

ਦੇਸ਼ ਦੇ ਸੂਬੇ ਹਿਮਾਚਲ ਪ੍ਰਦੇਸ਼ ਦਾ ਵੱਡਾ ਭਾਗ ਸੁੰਦਰ ਹੈ, ਇਥੇ ਪਰਬਤ ਹਨ, ਕਲ-ਕਲ ਕਰਦੀਆਂ ਝੀਲਾਂ ਹਨ। ਪਰ ਪਿਛਲੇ ਦਿਨੀਂ ਇਥੇ ਭਿਅੰਕਰ ਮੀਂਹ ਪਿਆ। ਸੂਬੇ ਦਾ ਅਤਿਅੰਤ ਨੁਕਸਾਨ ਤਾਂ ਹੋਇਆ ਹੀ, ਪਰ ਨਾਲ ਲਗਦੇ ਲਗਭਗ ਸੂਬਿਆਂ ਪੰਜਾਬ, ਹਰਿਆਣਾ ਦਾ ਹਾਲ ਵੀ ਇਸ ਮੀਂਹ ਦੇ ਪਾਣੀ ਨੇ ਬੁਰਾ ਹਾਲ ਕਰ ਦਿੱਤਾ। ਅਸਲ ‘ਚ ਪਿਛਲੇ ਇੱਕ ਦਹਾਕੇ ਤੋਂ ਇਥੇ ਕੁਦਰਤੀ ਆਫ਼ਤਾਂ ਵਧ ਰਹੀਆਂ ਹਨ। ਬਦਲਾਂ ਦੇ ਫਟਣ ਦੀ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ, ਹੜ੍ਹਾਂ ਨਾਲ ਤਬਾਹੀ ਦੀ ਗੱਲ ਤਾਂ ਆਮ ਹੈ। ਅਸਲ ‘ਚ ਅੱਜ ਸੂਬੇ ‘ਚ ਪਹਾੜਾਂ ਨੂੰ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਲਈ ਬੇਰਹਿਮੀ ਨਾਲ ਕੁਰੇਦਿਆ ਜਾ ਰਿਹਾ ਹੈ। ਵੱਡੀ ਗਿਣਤੀ ਹਾਈਡਰੋ ਯੋਜਨਾਵਾਂ, ਚਾਰ ਮਾਰਗੀ ਸੜਕਾਂ ਦਾ ਨਿਰਮਾਣ ਅਤੇ ਹਰ ਪਿੰਡ ਸ਼ਹਿਰ ‘ਚ ਪਹਾੜਾਂ ਨੂੰ ਚੀਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਪ੍ਰਕਿਰਿਆ ਨੂੰ ਵਿਕਾਸ ਦਾ ਨਾਅ ਦਿੱਤਾ ਜਾ ਰਿਹਾ ਹੈ। ਪਰ ਇਸ ਨਾਲ ਪਹਾੜ ਜਰਜਰ ਹੋ ਜਾਂਦੇ ਹਨ। ਵਿਕਾਸ ਦੀ ਦੌੜ ਕਿਧਰੇ ਨਾ ਕਿਧਰੇ ਮਨੁੱਖੀ ਜੀਵਨ ਦੇ ਸਾਹਮਣੇ ਅਨੇਕਾਂ ਸਮੱਸਿਆਵਾਂ ਉਜਾਗਰ ਕਰ ਰਹੀ ਹੈ।

20ਵੀਂ ਅਤੇ 21ਵੀਂ ਸਦੀ ਦਾ ਭਾਰਤ ਦਾ ਹੜ੍ਹਾਂ ਦਾ ਇਤਿਹਾਸ ਦਿਲ ਚੀਰਵਾਂ ਹੈ। ਅਕਤੂਬਰ 1943 ‘ਚ ਮਦਰਾਸ ‘ਚ ਵੱਡਾ ਹੜ੍ਹ ਆਇਆ, ਇੰਨੇ ਲੋਕ ਬੇਘਰ ਹੋਏ ਕਿ ਗਿਣਤੀ ਹੀ ਨਾ ਹੋ ਸਕੀ। ਸਾਲ 1979 ‘ਚ ਗੁਜਰਾਤ ਦੇ ਮੋਰਵੀ (ਰਾਜਕੋਟ ਜ਼ਿਲਾ) ‘ਚ ਭਿਅੰਕਰ ਹੜ੍ਹ ਆਇਆ। ਲਗਭਗ 2500 ਜਾਨਾਂ ਗਈਆਂ। ਸਾਲ 1987 ‘ਚ ਬਿਹਾਰ ਨੇ ਵੱਡਾ ਹੜ੍ਹ ਵੇਖਿਆ, ਜਿਸ ‘ਚ ਲੋਕਾਂ ਦੀ 68 ਬੀਲੀਅਨ ਰੁਪਏ ਦੀ ਜਾਇਦਾਦ ਨੁਕਸਾਨੀ ਗਈ। ਸਾਲ 1988 ‘ਚ ਪੰਜਾਬ ‘ਚ ਐਡਾ ਵੱਡਾ ਹੜ੍ਹ ਆਇਆ ਕਿ ਪੰਜਾਬ ਦੇ ਸਾਰੇ ਦਰਿਆ ਉਛਲ ਗਏ, ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਇਆ। ਜੂਨ 2013 ‘ਚ ਉਤਰਾਖੰਡ ‘ਚ ਹੜ੍ਹਾਂ ਨਾਲ 5700 ਤੋਂ ਵਧ ਲੋਕ ਮਾਰੇ ਗਏ ਅਤੇ ਜੂਨ 2015 ‘ਚ ਗੁਜਰਾਤ ਨੇ ਅਤੇ 2016 ‘ਚ ਅਸਾਮ ਨੇ, 2017 ‘ਚ ਫਿਰ ਗੁਜਰਾਤ ਨੇ ਅਤੇ 2018 -19 ‘ਚ ਕੇਰਲਾ, 2020 ‘ਚ ਅਸਾਮ, 2021 ‘ਚ ਉਤਰਾਖੰਡ ਤੇ ਮਹਾਂਰਾਸ਼ਟਰ, 2022 ‘ਚ ਅਸਾਮ ਅਤੇ 2023 ‘ਚ ਉੱਤਰ ਭਾਤਰ ਦੇ ਕਈ ਸੂਬੇ ਸਮੇਤ ਉੱਤਰਾਖੰਡ ਭਾਰੀ ਹੜ੍ਹ ਦੀ ਲਪੇਟ ‘ਚ ਆਏ।

ਸਮੇਂ-ਸਮੇਂ ‘ਤੇ ਹੜ੍ਹਾਂ ਕਾਰਨ ਦੇਸ਼ ਵਾਸੀਆਂ ਨੇ ਕਹਿਰ ਸਹਿ ਲਿਆ। ਘਰੋਂ ਬੇਘਰ ਹੋ ਗਏ। ਜਾਨੀ ਮਾਲੀ, ਪਸ਼ੂਧਨ ਦਾ ਨੁਕਸਾਨ ਝੱਲਿਆ। ਸਰਕਾਰਾਂ ਨੇ ਹੜ੍ਹ ਰੋਕਣ ਲਈ ਸਕੀਮਾਂ ਵੀ ਬਹੁਤ ਘੜੀਆਂ। ਭਾਰਤ ‘ਚ ਹੜ੍ਹ ਦੀ ਭਵਿੱਖਬਾਣੀ ਲਈ ਕੇਂਦਰੀ ਜਲ ਆਯੋਗ ਬਣਾਇਆ, ਜਿਸਦੇ ਦੇਸ਼ ਭਰ ‘ਚ 141 ਹੜ੍ਹ ਚਿਤਾਵਨੀ ਕੇਂਦਰ ਹਨ। ਪਰ ਹੜ੍ਹਾਂ ਦਾ ਕਹਿਰ ਵਧਦਾ ਹੀ ਗਿਆ।

ਹਰ ਵਰ੍ਹੇ ਸਰਕਾਰਾਂ, ਦਰਿਆਵਾਂ, ਨਦੀਆਂ ਦਾ ਵਹਿਣ ਨਿਰੰਤਰ ਵਗਦਾ ਰਹੇ, ਲਈ ਵੱਡੇ ਫੰਡ ਰਿਜ਼ਰਵ ਕਰਦੀਆਂ ਹਨ। ਪੁਲਾਂ ਹੇਠ ਜਮ੍ਹਾਂ ਗਾਰ ਸਾਫ ਕਰਨ, ਨਦੀਆਂ ਦੇ ਕਿਨਾਰੇ ਸੁਰੱਖਿਅਤ ਕਰਨ ਦੇ ਨਾਮ ਉਤੇ ਅਰਬਾਂ, ਖਰਬਾਂ ਰੁਪਏ ਖਰਚ ਕਰਦੀਆਂ ਹਨ, ਪਰ ਜਦੋਂ ਹੀ ਇੱਕ ਵੱਡਾ ਮੀਂਹ ਪੈਂਦਾ ਹੈ, ਪਾਣੀ ਦਰਿਆਵਾਂ ‘ਚ ਵੱਗਦਾ ਹੈ, ਸੱਭੋ ਕੁਝ ਚੌਪਟ ਹੋ ਜਾਂਦਾ ਹੈ।

ਗੁਆਂਢੀ ਸੂਬੇ ਇਸ ਔਖੀ ਘੜੀ ਇੱਕ-ਦੂਜੇ ਨਾਲ ਸਿਆਸਤ ਕਰਦੇ ਹਨ। ਇੱਕ-ਦੂਜੇ ਨੂੰ ਦੋਸ਼ ਦਿੰਦੇ ਹਨ। ਪਰ ਸਵਾਲ ਉੱਠਦਾ ਹੈ ਕਿ ਸਮਾਂ ਰਹਿੰਦਿਆਂ, ਹੜ੍ਹ ਆਉਣ ਤੋਂ ਪਹਿਲਾਂ ਤਿਆਰੀ ਸਰਕਾਰਾਂ ਕਿਉਂ ਨਹੀਂ ਕਰਦੀਆਂ ? ਕਿਉਂ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਆਫ਼ਤ ਆਊ, ਉਦੋਂ ਨਿਜੱਠ ਲਵਾਂਗੇ, ਦੇਖੀ ਜਾਊ। ਇਸ ਸਥਿਤੀ ਵਿੱਚ ਆਮ ਲੋਕ ਪਿੱਸੇ ਜਾਂਦੇ ਹਨ।

ਪਹਿਲਾਂ ਹੀ ਗਰੀਬੀ ਗ੍ਰਸੇ ਦੇਸ਼ ਭਾਰਤ ‘ਚ ਆਮ ਲੋਕਾਂ ਲਈ ਮੁਸ਼ਕਲਾਂ ਦੀ ਘਾਟ ਨਹੀਂ ਹੈ, ਪਰ ਹੜ੍ਹਾਂ ਜਿਹਾ ਕਹਿਰ ਖਾਸ ਕਰਕੇ ਸਧਾਰਨ ਆਦਮੀ ਲਈ ਵੱਡਾ ਕਹਿਰ ਬਣ ਜਾਂਦਾ ਹੈ। ਭਾਵੇਂ ਕਿ ਦੇਸ਼ ਭਾਰਤ ਦੇ ਕੁਝ ਹਿੱਸਿਆਂ ‘ਚ ਹੜ੍ਹਾਂ ਦਾ ਆਉਣਾ ਆਮ ਗਿਣਿਆ ਜਾਂਦਾ ਹੈ, ਪਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਜਿਸ ਕਿਸਮ ਦੇ ਅਗਾਊਂ ਤੇ ਸਥਾਈ ਪ੍ਰਬੰਧ ਲੋੜੀਂਦੇ ਹਨ, ਉਹਨਾ ਪ੍ਰਤੀ ਕੋਈ ਵੀ ਨਿੱਗਰ ਕਾਰਵਾਈ ਨਹੀਂ ਹੁੰਦੀ ਇਹ ਸਿਰਫ਼ ਤੇ ਸਿਰਫ਼ ਨੇਤਾ ਲੋਕਾਂ ਦੀ ਲੋਕਾਂ ਦੇ ਮਸਲਿਆਂ, ਮਾਮਲਿਆਂ ਪ੍ਰਤੀ ਇੱਛਾ ਸ਼ਕਤੀ ਦੀ ਘਾਟ ਅਤੇ ਅਸੰਵੇਦਨਸ਼ੀਲਤਾ ਹੈ।


ਲੋੜ ਹੈ ਲੋਕ ਇਸ ਭਿਅੰਕਰ ਆਫਤ ਦਾ ਟਾਕਰਾ ਕਰਨ ਲਈ ਆਪ ਕਮਰ ਕੱਸੇ ਕਰਨ। ਨਦੀਆਂ ਕਿਨਾਰੇ ਰਹਿੰਦੇ ਲੋਕ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਰੋਕਣ ਵਾਲੀਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ। ਪਿੰਡਾਂ ਦੇ ਲੋਕ ਉਹਨਾ ਨਜ਼ਦੀਕ ਉਸਾਰੀਆਂ ਜਾ ਰਹੀਆਂ ਵੱਡ ਅਕਾਰੀ ਕਲੋਨੀਆਂ, ਜੋ ਕੁਦਰਤੀ ਪਾਣੀ ਦੇ ਵਹਾਅ ‘ਚ ਰੁਕਾਵਟ ਬਣਦੀਆਂ ਹਨ, ਨੂੰ ਬਣਨ ਤੋਂ ਰੋਕਣ। ਉਹ ਖੇਤਰ ਜਿਥੇ ਹਰ ਸਾਲ ਹੜ੍ਹ ਆਉਂਦੇ ਹਨ, ਉਹਨਾ ਖੇਤਰਾਂ ਦੇ ਲੋਕ ਆਪਣਾ ਸੁਰੱਖਿਆ ਤੰਤਰ ਆਪ ਕਾਇਮ ਕਰਨ।

ਨੇਤਾ ਲੋਕ ਤਾਂ ਹੜ੍ਹਾਂ ‘ਚ ਆਉਣਗੇ, ਰਾਹਤ ਸਮੱਗਰੀ ਵੰਡਣਗੇ, ਵੋਟਾਂ ‘ਤੇ ਅੱਖ ਰੱਖਣਗੇ, ਤੁਰ ਜਾਣਗੇ। ਪੀੜਤ ਲੋਕਾਂ ਨੂੰ ਜਿਹਨਾ ਦੇ ਸਿਰੋਂ ਛੱਤ ਚਲੇ ਗਈ, ਜਿਹਨਾ ਦੀਆਂ ਫਸਲਾਂ ਤਬਾਹ ਹੋ ਗਈਆਂ, ਉਹ ਤਾਂ ਖੂਨ ਦੇ ਅੱਥਰੂ ਹੀ ਰੋਣਗੇ।

# ਇੰਸ਼ੋਰੈਂਸ ਕੰਪਨੀਆਂ ਦੀ ਬੁਰਛਾਗ਼ਰਦੀ ਤੇ ਰਾਜਨੀਤਕ ਧਿਰਾਂ ਦੀ ਬੇਸ਼ਰਮੀ




ਕੈਲਗਰੀ ਦੇ ਵੱਖ ਵੱਖ ਹਿੱਸਿਆਂ ਵਿੱਚ ਵੱਖ ਵੱਖ ਇੰਸ਼ੋਰੈਂਸ ਪ੍ਰੀਮੀਅਮ ਵਸੂਲੇ ਜਾ ਰਹੇ ਹਨ। ਕੋਈ ਦੇਖਣ-ਸੁਣਨ ਵਾਲਾ ਨਹੀਂ, ਕੋਈ ਰੋਕਣ-ਟੋਕਣ ਵਾਲਾ ਨਹੀਂ। ਦੁਰਘਟਨਾ ਹੋ ਜਾਣ ਦੀ ਸੂਰਤ ਵਿੱਚ ਕਸੂਰਵਾਰ ਦੀ ਇੰਸ਼ੋਰੈਂਸ ਕੰਪਨੀ ਵੱਲੋਂ ਨੂੰ ਦੋਹਾਂ ਜਾਂ ਜਿੰਨੀਆਂ ਗੱਡੀਆਂ ਹਾਦਸੇ ਵਿੱਚ ਸ਼ਾਮਲ ਹੋਣ, ਉਹਨਾਂ ਦੇ ਨੁਕਸਾਨ ਦੀ ਅਤੇ ਸੱਟ-ਫੇਟ ਲੱਗਣ ਆਦਿ ਦਾ ਮੁਆਵਜ਼ਾ ਦੇਣਾ ਪੈਂਦਾ ਸੀ। ਹੁਣ ਇਹਨਾਂ ਕੰਪਨੀਆਂ ਨੇ ਇਹ ਫੈਸਲਾ ਕਰ ਲਿਆ ਹੈ ਕਿ ਆਪੋ ਆਪਣੀ ਇੰਸ਼ੋਰੈਂਸ ਕੰਪਨੀ ਤੋਂ ਮੁਆਵਜ਼ਾ ਲਵੋ।




ਐਲਬਰਟਾ ਵਿੱਚ ਇੰਸ਼ੋਰੈਂਸ ਕੰਪਨੀਆਂ ਦੀ ਚਾਂਦੀ ਹੈ। ਗੁਆਂਢੀ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਗੱਡੀਆਂ ਦੀ ਇੰਸ਼ੋਰੈਂਸ ਦਾ ਕੰਮ ਸਰਕਾਰੀ ਕਾਰਪੋਰੇਸ਼ਨ (ਇੰਸ਼ੋਰੈਂਸ ਕਾਰੋਰੇਸ਼ਨ ਔਫ਼ ਬ੍ਰਿਟਿਸ਼ ਕੋਲੰਬੀਆ - ਆਈ.ਸੀ.ਬੀ.ਸੀ) ਕਰਦੀ ਹੈ ਤੇ ਦੇਸ਼ ਭਰ ਵਿੱਚ ਸਿਰਫ਼ ਇਹੀ ਇਕ ਸੂਬਾ ਹੈ ਜਿੱਥੇ ਇਸ ਤਰ੍ਹਾਂ ਦਾ ਬੰਦੋਬਸਤ ਹੈ। ਬੀ.ਸੀ. ਦੇ ਲੋਕ ਪਿਛਲੇ ਕੁਝ ਸਮੇਂ ਤੱਕ ਤਾਂ ਮੰਗ ਕਰਦੇ ਆ ਰਹੇ ਸਨ ਕਿ ਬਾਕੀ ਸੂਬਿਆਂ ਵਾਂਗ ਉੱਥੇ ਵੀ ਬਹੁ-ਕੰਪਨੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਕੰਪਿਟਿਸ਼ਨ ਬਣਿਆ ਰਹੇ। ਇੱਕੋ ਸਰਕਾਰੀ ਕੰਪਨੀ ਹੋਣ ਕਰਕੇ ਉਹ ਮਨ-ਚਾਹੀਆਂ ਲਾਗਤਾਂ ਲੈ ਰਹੇ ਸਨ ਤੇ ਲੋਕ ਪਰੇਸ਼ਾਨ ਸਨ ਤੇ ਮਹਿਸੂਸ ਕਰ ਰਹੇ ਸਨ ਕਿ ਉਹਨਾਂ ਦੀ ਲੁੱਟ ਖਸੁੱਟ ਹੋ ਰਹੀ ਹੈ। ਫਿਰ ਸਰਕਾਰ ਨੇ ਨਿਯਮ ਤਬਦੀਲ ਕਰ ਦਿੱਤੇ ਤੇ ਲੋਕਾਂ ਦੇ ਸੁਖ ਦਾ ਸਾਹ ਲਿਆ ਹੈ।

ਐਲਬਰਟਾ ਵਿੱਚ ਅਜਿਹਾ ਕੁਝ ਨਹੀਂ ਹੈ। ਪ੍ਰਾਇਵੇਟ ਕੰਪਨੀਆਂ ਦੀ ਭਰਮਾਰ ਹੈ ਤੇ ਸਰਕਾਰੀ ਖੁੱਲ੍ਹਾਂ ਦਾ ਗੱਫਾ ਉਹਨਾਂ ਨੂੰ ਮਿਲਿਆ ਹੋਇਆ ਹੈ। ਸਾਲ 2015 ਤੋਂ 2019 ਤੱਕ ਸੂਬੇ ਵਿੱਚ ਐਨ.ਡੀ.ਪੀ. ਦੀ ਸਰਕਾਰ ਸੀ ਤੇ ਉਹਨਾਂ ਨੇ ਇਹਨਾਂ ਕੰਪਨੀਆਂ ਦੀ ਨਕੇਲ ਕੱਸੀ ਹੋਈ ਸੀ। ਉਹ ਪ੍ਰੀਮੀਅਮ ਵਾਧੇ ਲਈ ਸੁਤੰਤਰ ਨਹੀਂ ਸਨ ਕਿਉਂਕਿ ਸਰਕਾਰ ਨੇ 5% ਤੋਂ ਜ਼ਿਆਦਾ ਪ੍ਰੀਮੀਅਮ ਵਾਧੇ ‘ਤੇ ਰੋਕ ਲਗਾਈ ਹੋਈ ਸੀ।

ਜਿਉਂ ਹੀ 2019 ਵਿੱਚ ਸਰਕਰ ਬਦਲੀ, ਜੇਸਨ ਕੈਨੀ ਦੀ ਅਗਵਾਈ ਵਿੱਚ ਯੁਨਾਇਟਿਡ ਕੰਜ਼ਰੇਟਿਵ ਪਾਰਟੀ - ਯੂ.ਸੀ.ਪੀ. ਦੀ ਸਰਕਾਰ ਬਣੀ ਤਾਂ ਉਹਨਾਂ ਨੇ ਇੰਸ਼ੋਰੈਂਸ ਕੰਪਨੀਆਂ ਨੂੰ ਨੰਗਾ ਨਾਚ ਕਰਨ ਲਈ ਆਜ਼ਾਦ ਕਰ ਦਿੱਤਾ। ਇੰਸ਼ੋਰੈਂਸ ਪ੍ਰੀਮੀਅਮ ਛੱਤਾਂ ਪਾੜ ਕੇ ਆਕਾਸ਼ ਵੱਲ ਵਧਣ ਲੱਗ ਪਏ। ਜਦੋਂ ਲੋਕਾਂ ਦਾਂ ਨਾਸ ਵਿਚੋਂ ਧੂੰਆਂ ਨਿੱਕਲ ਗਿਆ ਤੇ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਨਿਉ ਡੈਮੋਕ੍ਰੈਟਿਕ ਪਾਰਟੀ - ਐਨ.ਡੀ.ਪੀ. ਨੇ ਐਲਾਨ ਕੀਤਾ ਕਿ ਜੇ ਉਹਨਾਂ ਦੀ ਸਰਕਾਰ ਬਣੀ ਤਾਂ ਇਸ਼ੋਰੈਂਸ ਪ੍ਰੀਮੀਅਮ ਘਟਾ ਕੇ ਉਹਨਾਂ ਨੂੰ ਫ੍ਰੀਜ਼ ਕਰਨਗੇ।

ਇਸ ਦਾ ਸਿੱਧਾ ਸਿੱਧਾ ਮਤਲਬ ਤਾਂ ਇਹ ਸੀ ਕਿ ਮੌਜੂਦਾ ਸਮੇਂ ਦੇ ਮੁਕਾਬਲੇ ਇੰਸ਼ੋਰੈਂਸ ਪ੍ਰੀਮੀਅਮ ਘਟਣਗੇ ਤੇ ਫਿਰ ਉਸ ਤੋਂ ਜ਼ਿਆਦਾ ਨਹੀਂ ਕੀਤੇ ਜਾ ਸਕਣਗੇ। ਪਰ ਐਨਡੀਪੀ ਇਸ ਸੁਨੇਹੇ ਨੂੰ ਸਹੀ ਢੰਗ ਨਾਲ ਲੋਕਾਂ ਤੱਕ ਪਹੁੰਚਾ ਨਾ ਸਕੀ। ਉਧੱਰ, ਯੂਸੀਪੀ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਹੁਣ ਤੋਂ ਹੀ ਇੰਸ਼ੋਰੈਂਸ ਪ੍ਰੀਮੀਅਮ ਫ੍ਰੀਜ਼ ਕਰ ਰਹੇ ਹਨ। ਫ੍ਰੀਜ਼ ਹੋਏ ਇਹ ਇੰਸ਼ੋਰੈਂਸ ਪ੍ਰੀਮੀਅਮ ਦਸੰਬਰ ਤੱਕ ਹੀ ਰਹਿਣਗੇ ਇਸ ਮਗਰੋਂ ਫਿਰ ਵਧ ਜਾਣਗੇ। ਇਹ ਗੱਲ ਲੋਕਾਂ ਨੂੰ ਸਮਝ ਨਹੀਂ ਆਈ। ਹੁਣ ਇਸ ਸਾਲ ਦੇ ਅੰਤ ‘ਤੇ ਇੰਸ਼ੋਰੈਂਸ ਪ੍ਰੀਮੀਅਮ ਵਧ ਰਹੇ ਹਨ।

ਇਹੀ ਬੱਸ ਨਹੀਂ, ਕੈਲਗਰੀ ਦੇ ਵੱਖ ਵੱਖ ਹਿੱਸਿਆਂ ਵਿੱਚ ਵੱਖ ਵੱਖ ਇੰਸ਼ੋਰੈਂਸ ਪ੍ਰੀਮੀਅਮ ਵਸੂਲੇ ਜਾ ਰਹੇ ਹਨ। ਕੋਈ ਦੇਖਣ-ਸੁਣਨ ਵਾਲਾ ਨਹੀਂ, ਕੋਈ ਰੋਕਣ-ਟੋਕਣ ਵਾਲਾ ਨਹੀਂ। ਦੁਰਘਟਨਾ ਹੋ ਜਾਣ ਦੀ ਸੂਰਤ ਵਿੱਚ ਕਸੂਰਵਾਰ ਦੀ ਇੰਸ਼ੋਰੈਂਸ ਕੰਪਨੀ ਵੱਲੋਂ ਨੂੰ ਦੋਹਾਂ ਜਾਂ ਜਿੰਨੀਆਂ ਗੱਡੀਆਂ ਹਾਦਸੇ ਵਿੱਚ ਸ਼ਾਮਲ ਹੋਣ, ਉਹਨਾਂ ਦੇ ਨੁਕਸਾਨ ਦੀ ਅਤੇ ਸੱਟ-ਫੇਟ ਲੱਗਣ ਆਦਿ ਦਾ ਮੁਆਵਜ਼ਾ ਦੇਣਾ ਪੈਂਦਾ ਸੀ। ਹੁਣ ਇਹਨਾਂ ਕੰਪਨੀਆਂ ਨੇ ਇਹ ਫੈਸਲਾ ਕਰ ਲਿਆ ਹੈ ਕਿ ਆਪੋ ਆਪਣੀ ਇੰਸ਼ੋਰੈਂਸ ਕੰਪਨੀ ਤੋਂ ਮੁਆਵਜ਼ਾ ਲਵੋ। ਮੰਨ ਲਉ ਕਿ ਤੁਹਾਡਾ ਐਕਸਿਡੈਂਟ ਹੋ ਗਿਆ ਪਰ ਤੁਹਾਡਾ ਕਸੂਰ ਨਹੀਂ ਸੀ...ਤੁਹਾਡੀ ਗੱਡੀ ਨੁਕਸਾਨੀ ਗਈ। ਹੁਣ ਤੁਸੀਂ ਆਪਣੀ ਇੰਸ਼ੋਰੈਂਸ ਕੰਪਨੀ ਕੋਲੋਂ ਮੁਆਵਜ਼ਾ ਲਵੋਗੇ ਤੇ ਇਸ ਦੇ ਨਾਲ ਹੀ ਤੁਹਾਡਾ ਇੰਸ਼ੋਰੈਂਸ ਪ੍ਰੀਮੀਅਮ ਵਧ ਜਾਵੇਗਾ। ਤੁਹਾਡਾ ਕਸੂਰ ਵੀ ਕੋਈ ਨਹੀਂ ਤੇ ਸਜ਼ਾ ਵੀ ਤੁਹਾਨੂੰ ਮਿਲੇਗੀ। ਸਰਕਾਰ ਦੇ ਮੂੰਹ ਵਿੱਚ ਘੁੰਗਣੀਆਂ ਪਈਆਂ ਰਹੀਆਂ, ਕੋਈ ਬੋਲਿਆ ਹੀ ਨਾ।


ਹੁਣ ਐਲਬਰਟਾ ਵਿੱਚ ਇਕ ਇੰਸ਼ੋਰੈਂਸ ਕੰਪਨੀ ਆਉਂਦੇ ਨਵੰਬਰ ਤੋਂ ਬੋਰੀਆ-ਬਿਸਤਰ ਲਪੇਟ ਚੱਲੀ ਹੈ। ਉਸ ਵੱਲੋਂ ਇੰਸ਼ਿਉਰ ਕੀਤੇ ਲਗਪਗ 16 ਹਜ਼ਾਰ ਗੱਡੀ ਚਾਲਕਾਂ ਨੂੰ ਨਵੀਂ ਇੰਸ਼ੋਰੈਂਸ ਪੌਲਿਸੀ ਲੈਣੀ ਪਵੇਗੀ। ਨਵੀਂ ਕੰਪਨੀ ਮਨ-ਮਰਜ਼ੀ ਦੇ ਰੇਟ ਲਗਾਵੇਗੀ। ਟੈਕਸੀ ਚਾਲਕਾਂ ਦੇ ਇੰਸ਼ੋਰੈਂਸ ਪ੍ਰੀਮੀਅਮ ਪਿਛਲੇ ਦੋ ਸਾਲਾਂ ਵਿੱਚ ਦੁੱਗਣੇ ਤੋਂ ਵੀ ਜ਼ਿਆਦਾ ਵਧ ਗਏ ਹਨ। ਇਸੇ ਤਰ੍ਹਾਂ ਟ੍ਰਕ ਚਾਲਕਾਂ ਨਾਲ ਹੋਇਆ ਹੈ।


ਸਰਕਾਰ ਕਹਿ ਰਹੀ ਹੈ ਕਿ ਇੰਸ਼ੋਰੈਂਸ ਪ੍ਰੀਮੀਅਮ ਫ੍ਰੀਜ਼ ਕਰਨਾ ਤਾਂ ਟੈਂਪਰੇਰੀ ਪ੍ਰਬੰਧ ਸੀ ਤੇ ਹੁਣ ਲੰਬੇ ਸਮੇਂ ਵਾਸਤੇ ਬੰਦੋਬਸਤ ਕਰਨਾ ਜ਼ਰੂਰੀ ਹੈ। ਉਹ ਕੌਣ ਕਰੇਗਾ ਭਲਾ ? ਸੂਬੇ ਦੇ ਵਿੱਤ ਮੰਤਰੀ ਨੇਟ ਹੌਰਨਰ ਦਾ ਕਹਿਣਾ ਹੈ ਕਿ ਇਹ ਮੰਦਭਾਗੀ ਗੱਲ ਹੈ ਕਿ ਇੰਸ਼ੋਰੈਂਸ ਕੰਪਨੀ ਸੂਬੇ ਵਿੱਚੋਂ ਇਸ ਕਰਕੇ ਜਾ ਰਹੀ ਹੈ ਕਿ ਸਰਕਾਰ ਨੇ ਰੇਟ ਫ੍ਰੀਜ਼ ਕੀਤੇ ਹੋਏ ਹਨ। ਇਸ ਕੰਪਨੀ ਦਾ ਨਾਮ ਵੀ ਨਹੀਂ ਦੱਸਿਆ ਜਾ ਰਿਹਾ ਕਿ ਇਹ ਕਿਹੜੀ ਭਗੌੜਾ ਕੰਪਨੀ ਹੈ।

ਜਦੋਂ ਕੋਈ ਇੰਸ਼ੋਰੈਂਸ ਕੰਪਨੀ ਘੱਟ ਰੇਟ ‘ਤੇ ਇੰਸ਼ੋਰੈਂਸ ਦੇਵੇਗੀ ਹੀ ਨਹੀਂ, ਤਾਂ ਡ੍ਰਾਇਵਰ ਕੋਲ ਸਿਰਫ਼ ਇਕ ਚਾਰਾ ਹੀ ਬਚੇਗਾ ਕਿ ਉਹ ਮਹਿੰਗੇ ਭਾਅ ਦੀ ਇੰਸ਼ੋਰੈਂਸ ਪੌਲਿਸੀ ਖ਼ਰੀਦੇ। ਮਹਿੰਗਾਈ ਤੇ ਮੌਰਗੇਜ ਦਰਾਂ ਵਿਚ ਬੇਤਹਾਸ਼ਾ ਵਾਧੇ ਨੇ ਲੋਕਾਂ ਦੀ ਨੀਂਦ ਉਡਾਈ ਹੋਈ ਹੈ ਤੇ ਹੁਣ ਇੰਸ਼ੋਰੈਂਸ ਕੰਪਨੀਆਂ ਦੀ ਬੁਰਛਾਗ਼ਰਦੀ ਅੱਗੇ ਸਰਕਾਰ ਦੀ ਬੇਸ਼ਰਮੀ ਭਰੀ ਚੁੱਪੀ ਲੋਕਾਂ ਨੂੰ ਅੰਗੂਠਾ ਦਿਖਾ ਰਹੀ ਹੈ ਤੇ ਉਹਨਾਂ ਦਾ ਮੂੰਹ ਚਿੜ੍ਹਾ ਰਹੀ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਪੰਜਾਬ ਵਿੱਚ ਆਏ ਹੜ੍ਹ:

# ਸਰਕਾਰਾਂ ਦੀ ਯੋਜਨਬੰਦੀ ਦੀ ਅਣਗਹਿਲੀ ਦਾ ਸਬੂਤ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

**ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਹਰ ਗ਼ਲਤ ਕੰਮ ਲਈ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਰਹਿੰਦੀਆਂ ਹਨ। ਪੰਜਾਬੀਆਂ ਦੇ ਵੀ ਕੁਝ ਫਰਜ਼ ਹਨ। ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਵਿੱਚ ਪੰਜਾਬੀ ਸਭ ਤੋਂ ਮੋਹਰੀ ਹਨ। ਜਿਹੜੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਦੇ ਸਾਧਨ ਹਨ, ਉਨ੍ਹਾਂ 'ਤੇ ਗ਼ੈਰ ਕਾਨੂੰਨੀ ਕਬਜ਼ੇ ਹੋ ਗਏ ਹਨ। ਜਿਹੜੇ ਚੋਅ, ਟੋਭੇ, ਦਰਿਆ, ਰਜਵਾਹੇ, ਨਾਲੇ ਜਿਥੋਂ ਲੰਘਦੇ ਹਨ, ਉਥੇ ਜਿਹੜੇ ਕਿਸਾਨਾ ਦੇ ਖੇਤਾਂ ਦੇ ਕੋਲੋਂ ਜਾਂਦੇ ਹਨ, ਉਨ੍ਹਾਂ 'ਤੇ ਕਿਸਾਨਾ ਨੇ ਕਬਜ਼ੇ ਕਰਕੇ ਕੁਦਰਤੀ ਵਹਾਅ ਵਿੱਚ ਰੁਕਾਵਟ ਪਾਈ ਹੈ। ਹੜ੍ਹਾਂ ਤੋਂ ਬਾਅਦ ਹਰ ਸਰਕਾਰ ਐਕਸ਼ਨ ਮੋਡ ਵਿੱਚ ਆਉਂਦੀ ਹੈ। ਪਹਿਲਾਂ ਕਿਉਂ ਨਹੀਂ ਸੋਚਦੇ ? ਹੜ੍ਹਾਂ ਦੇ ਆਉਣ ਸਮੇਂ ਨਹਿਰਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ, ਜੇਕਰ ਹੜ੍ਹਾਂ ਦਾ ਪਾਣੀ ਨਹਿਰਾਂ ਵਿੱਚ ਜਾਣ ਦਿੱਤਾ ਜਾਵੇ ਤਾਂ ਤਾਂ ਹੜ੍ਹ ਨਹੀਂ ਆਉਣਗੇ। ਸਰਕਾਰ ਕਹਿੰਦੀ ਹੈ ਕਿ ਹੜ੍ਹਾਂ ਦੇ ਪਾਣੀ ਵਿੱਚ ਸਿਲਟ ਭਾਵ ਗਾਦ ਹੁੰਦੀ ਹੈ, ਇਹ ਗਾਦ ਨਹਿਰਾਂ ਵਿੱਚ ਜੰਮ ਜਾਂਦੀ ਹੈ, ਇਸ ਕਰਕੇ ਨਹਿਰਾਂ ਵਿੱਚ ਹੜ੍ਹਾਂ ਦਾ ਪਾਣੀ ਛੱਡਿਆ ਨਹੀਂ ਜਾਂਦਾ। ਰਾਜਸਥਾਨ ਫੀਡਰ ਵੀ ਬੰਦ ਕਰ ਦਿੱਤੀ ਹੈ। ਲੋਕਾਂ ਦੇ ਜਾਨ ਮਾਲ ਨਾਲੋਂ ਗਾਦ ਰੋਕਣ ਸਰਕਾਰਾਂ ਜ਼ਰੂਰੀ ਸਮਝਦੀਆਂ ਹਨ। ਪਾਕਿਸਤਾਨ ਨੇ ਸੁਲੇਮਾਨ ਹੈਡ ਵਰਕਸ ਦੇ 10 ਹੜ੍ਹ ਰੋਕੂ ਫਲੱਡ ਗੇਟ ਖੋਲ੍ਹ ਦਿੱਤੇ ਹਨ, ਜਿਸ ਨਾਲ ਪੰਜਾਬ ਵਿੱਚੋਂ ਪਾਣੀ ਪਾਕਿਸਤਾਨ ਵਿੱਚ ਜਾਣ ਨਲ ਥੋੜ੍ਹੀ ਰਾਹਤ ਮਿਲੀ ਹੈ। ਉਨ੍ਹਾਂ ਦੇ ਸੁਲੇਮਾਨ ਹੈਡ ਵਰਕਸ ਵਿੱਚੋਂ ਦੋ ਨਹਿਰਾਂ ਨਿਕਲਦੀਆਂ ਹਨ, ਕੀ ਉਨ੍ਹਾਂ ਵਿੱਚ ਗਾਦ ਨਹੀਂ ਜੰਮੇਗੀ ?**

ਹੜ੍ਹਾਂ ਨਾਲ ਅੱਧਾ ਪੰਜਾਬ ਡੁੱਬਿਆ ਪਿਆ ਹੈ। ਪੰਜਾਬੀ ਹੜ੍ਹਾਂ ਦੇ ਪ੍ਰਕੋਪ ਕਾਰਨ ਘੋਰ ਸੰਕਟ ਵਿੱਚੋਂ ਗੁਜਰ ਰਹੇ ਹਨ। ਪੰਜਾਬ ਦੇ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫ਼ਸਲਾਂ ਤਬਾਹ ਹੋ ਗਈਆਂ ਹਨ। ਲੋਕਾਂ ਦੇ ਘਰਾਂ ਅਤੇ ਦੁਕਾਨਾਂ ਵਿੱਚ ਪਾਣੀ ਵੜ੍ਹ ਗਿਆ ਹੈ ਤੇ ਸਾਰਾ ਸਾਮਾਨ ਖ਼ਰਾਬ ਹੋ ਗਿਆ। ਮਜ਼ਬੂਰੀ ਵਸ ਹੜ੍ਹਾਂ ਨਾਲ ਖ਼ਰਾਬ ਹੋਇਆ ਕੀਮਤੀ ਸਾਮਾਨ ਸੁੱਟਣਾ ਪੈ ਰਿਹਾ ਹੈ। ਦੇਸ਼ ਨੂੰ ਆਜ਼ਾਦ ਹੋਇਆਂ 76 ਵਰ੍ਹੇ ਹੋ ਗਏ ਹਨ, ਪਿਛਲੇ 73 ਵਰ੍ਹਿਆਂ ਤੋਂ ਭਾਰਤ ਵਿੱਚ ਸਾਡੇ ਆਪਣੇ ਨੁਮਾਇੰਦਿਆਂ ਵੱਲੋਂ ਬਣਾਏ ਗਏ ਸੰਵਿਧਾਨ ਦੀਆਂ ਬਰਕਤਾਂ ਦਾ ਅਸੀਂ ਆਨੰਦ ਮਾਣ ਰਹੇ ਹਾਂ। ਪਰਜਾਤੰਤਰ ਢੰਗ ਨਾਲ ਚੁਣੀ ਗਈਆਂ ਲੋਕਾਂ ਦੀਆਂ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਹੜ੍ਹਾਂ ਦੀ ਰੋਕ ਥਾਮ ਲਈ ਲੰਮੇ ਸਮੇਂ ਦੀਆਂ ਯੋਜਨਾਵਾਂ ਬਣਾਉਣ ਵਿੱਚ ਅਣਗਹਿਲੀ ਵਰਤੀ ਗਈ ਹੈ, ਜਿਸਦਾ ਖਮਿਆਜ਼ਾ ਪੰਜਾਬੀ ਭੁਗਤ ਰਹੇ ਹਾਂ। ਪੰਜਾਬ ਦੇ ਲੋਕਾਂ ਨੂੰ ਹਰ ਸਾਲ ਗਰਮੀਆਂ ਵਿੱਚ ਪੈਣ ਵਾਲੇ ਮੀਂਹ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਹੁਣ ਤੱਕ ਜਿਤਨੀਆਂ ਵੀ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਆਈਆਂ ਹਨ ਕਿਸੇ ਵੀ ਸਰਕਾਰ ਨੇ ਭਾਰਤ ਵਿੱਚ ਹਰ ਸਾਲ ਆਉਣ ਵਾਲੇ ਹੜ੍ਹਾਂ ਦੀ ਰੋਕਥਾਮ ਲਈ ਕੋਈ ਵੀ ਸਾਰਥਿਕ ਕਦਮ ਨਹੀਂ ਚੁੱਕੇ। ਦੇਸ਼ ਵਿੱਚ ਪੰਜ ਸਾਲਾ ਯੋਜਨਾਵਾਂ ਬਣਦੀਆਂ ਰਹੀਆਂ ਪ੍ਰੰਤੂ ਸਰਕਾਰਾਂ ਨੇ ਕੁਦਰਤੀ ਆਫ਼ਤਾਂ ਨਾਲ ਭਾਰਤੀਆਂ ਦੇ ਜਾਨ ਮਾਲ ਦੀ ਰੱਖਿਆ ਵੱਲ ਧਿਆਨ ਹੀ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਹਰ ਸਾਲ ਇਕੱਲੇ ਹੜ੍ਹਾਂ ਨਾਲ 2 ਹਜ਼ਾਰ ਕਰੋੜ ਤੋਂ 3 ਹਜ਼ਾਰ ਕਰੋੜ ਤੱਕ ਦਾ ਦਾ ਮਾਲੀ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਇਨਸਾਨਾ ਅਤੇ ਪਸ਼ੂਆਂ ਦਾ ਜਾਨੀ ਨੁਕਸਾਨ ਵੀ ਹੁੰਦਾ ਹੈ। ਸਰਕਾਰਾਂ ਹੜ੍ਹਾਂ ਦੇ ਆਉਣ ਕਰਕੇ ਬਚਾਓ ਦੇ ਪ੍ਰਬੰਧਾਂ 'ਤੇ ਕਰੋੜਾਂ ਰੁਪਏ ਖ਼ਰਚ ਦਿੰਦੀਆਂ ਹਨ, ਸਰਕਾਰਾਂ ਦਾ ਫਰਜ਼ ਵੀ ਬਣਦਾ ਹੈ ਕਿ ਆਪਣੇ ਨਾਗਰਿਕਾਂ ਦੇ ਜਾਨ ਮਾਨ ਮਾਲ ਦਾ ਨੁਕਸਾਨ ਨਾ ਹੋਣ ਦੇਣ ਪ੍ਰੰਤੂ ਕਿੰਨਾ ਚੰਗਾ ਹੁੰਦਾ ਜੇਕਰ ਹੜ੍ਹਾਂ ਨੂੰ ਰੋਕਣ ਦਾ ਪ੍ਰਬੰਧ ਕੀਤਾ ਜਾਂਦਾ। ਮੈਂ 33 ਸਾਲ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕੀਤੀ ਹੈ, ਲਗਪਗ 25 ਸਾਲ ਫੀਲਡ ਵਿੱਚ ਕੰਮ ਕੀਤਾ ਹੈ। ਸਿੰਜਾਈ ਵਿਭਾਗ ਦੀ ਡਰੇਨੇਜ ਵਿੰਗ ਹਰ ਸਾਲ ਬਰਸਾਤਾਂ ਦੇ ਆਉਣ ਤੋਂ ਪਹਿਲਾਂ ਬਿਲਕੁਲ ਮੌਕੇ 'ਤੇ ਚੋਅ, ਨਾਲੇ, ਨਦੀਆਂ ਆਦਿ ਦੀ ਸਫਾਈ ਅਤੇ ਬੰਧਾਂ ਦੀ ਉਸਾਰੀ ਲਈ ਪੈਸੇ ਭੇਜਦੀ ਹੈ। ਇਹ ਕੰਮ ਅਜੇ ਸ਼ੁਰੂ ਵੀ ਨਹੀਂ ਹੁੰਦੇ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ। ਡਰੇਨੇਜ ਤੇ ਸਿੰਜਾਈ ਵਿਭਾਗ ਤੱਤ ਭੜੱਤੀ ਵਿੱਚ ਖ਼ਰਚੇ ਕਰ ਦਿੰਦੇ ਹਨ। ਇਹ ਤਾਂ ਉਹ ਗੱਲ ਹੋਈ, 'ਘਰੇ ਆਈ ਜੰਨ ਵਿੰਨੋ ਕੁੜੀ ਦੇ ਕੰਨ'। ਇਹ ਸਾਰਾ ਘਾਲਾਮਾਲਾ ਮੈਂ ਆਪਣੇ ਅੱਖੀਂ ਵੇਖਦਾ ਰਿਹਾ ਹਾਂ। ਸਰਕਾਰਾਂ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੜ੍ਹਾਂ ਦੇ ਬਚਾਓ ਦੇ ਪ੍ਰਬੰਧ ਕਰਨ ਲਈ ਹੁਕਮ ਕਰਕੇ ਪੱਲਾ ਝਾੜ ਲੈਂਦੀਆਂ ਹਨ। ਪੰਜਾਬ ਵਿੱਚ ਦਰਿਆ, ਨਹਿਰਾਂ, ਨਦੀਆਂ, ਨਾਲੇ, ਰਜਵਾਹੇ, ਚੋਅ, ਸੂਏ ਅਤੇ ਹੋਰ ਪਾਣੀ ਦੇ ਕੁਦਰਤੀ ਵਹਾਅ ਦੇ ਸਾਧਨ ਹਨ। ਸਰਕਾਰਾਂ ਕੋਲ ਸਾਰਾ ਰਿਕਾਰਡ ਹੁੰਦਾ ਹੈ। ਇਹ ਵੀ ਪਤਾ ਹੁੰਦਾ ਹੈ ਕਿ ਬਰਸਾਤਾਂ ਵਿੱਚ ਕਿਹੜੇ ਇਲਾਕੇ ਵਿੱਚ ਜ਼ਿਆਦਾ ਪਾਣੀ ਆਉਂਦਾ ਹੈ, ਫਿਰ ਸਰਕਾਰਾਂ ਕਿਉਂ ਨਹੀਂ ਅਗੇਤੇ ਉਨ੍ਹਾਂ ਦੀ ਸਫਾਈ ਦੇ ਪ੍ਰਬੰਧ ਕਰਵਾਉਂਦੀਆਂ ? ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਦੀਆਂ ਸਰਕਾਰਾਂ ਸਿੰਜਾਈ ਅਤੇ ਡਰੇਨੇਜ ਵਿਭਾਗ ਦਾ ਬਜਟ ਵੀ ਨਾਮਾਤਰ ਹੀ ਬਣਾਉਂਦੀਆਂ ਹਨ।





ਇਥੋਂ ਹੀ ਸਰਕਾਰਾਂ ਦੀ ਆਪਣੇ ਲੋਕਾਂ ਦੇ ਜਾਨ ਮਾਲ ਦੀ ਸੁਰੱਖਿਆ ਵਿੱਚ ਸੰਜੀਦਗੀ ਦਾ ਪਤਾ ਲੱਗਦਾ ਹੈ। ਪੰਜਾਬ ਵਿੱਚ ਬਹੁਤਾ ਨੁਕਸਾਨ ਭਾਖੜਾ ਅਤੇ ਹੋਰ ਡੈਮਾਂ ਵਿੱਚੋਂ ਪਾਣੀ ਛੱਡਣ ਨਾਲ ਸਤਲੁਜ, ਬਿਆਸ, ਰਾਵੀ, ਘੱਗਰ ਅਤੇ ਮਾਰਕੰਡਾ ਦੇ ਪਾਣੀ ਨਾਲ ਨੁਕਸਾਨ ਹੁੰਦਾ ਹੈ। ਇਨ੍ਹਾਂ ਦੇ ਬੰਧ ਹਰ ਸਾਲ ਕਿਉਂ ਟੁੱਟਦੇ ਹਨ ? ਬੰਧਾਂ ਨੂੰ ਪੱਕੇ ਤੌਰ 'ਤੇ ਮਜ਼ਬੂਤ ਕਿਉਂ ਨਹੀਂ ਕੀਤਾ ਜਾਂਦਾ ? ਜੇ ਬੰਧ ਮਜ਼ਬੂਤ ਹੋਣਗੇ ਤਾਂ ਪਾਣੀ ਫਸਲਾਂ ਅਤੇ ਘਰਾਂ ਦਾ ਨੁਕਸਾਨ ਨਹੀਂ ਕਰ ਸਕੇਗਾ। ਸਤਲੁਜ, ਰਾਵੀ, ਬਿਆਸ, ਘੱਗਰ ਅਤੇ ਮਾਰਕੰਡਾ ਵਿੱਚ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਸਰਕਾਰਾਂ ਦੀ ਸ਼ਹਿ 'ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਕਰਕੇ ਪਾਣੀ ਦੇ ਵਹਾਓ ਵਿੱਚ ਰੁਕਾਵਟ ਪੈਣ ਕਾਰਨ ਪਾਣੀ ਖੇਤਾਂ ਵਿੱਚ ਖਿਲਰ ਕੇ ਫਸਲਾਂ ਦਾ ਨੁਕਸਾਨ ਕਰਦਾ ਹੈ। ਇਨ੍ਹਾਂ ਵਿੱਚ ਪਾਣੀ ਹਿਮਾਚਲ ਦੇ ਕੈਚਮੈਂਟ ਇਲਾਕੇ ਵਿੱਚ ਵਧੇਰੇ ਮੀਂਹ ਪੈਣ ਨਾਲ ਪਾਣੀ ਆਉਂਦਾ ਹੈ। ਇਸ ਪਾਣੀ ਦੀ ਫਸਲਾਂ ਦੀ ਸਿੰਜਈ ਲਈ ਲੋੜ ਵੀ ਬਹੁਤ ਜ਼ਰੂਰੀ ਹੈ ਪ੍ਰੰਤੂ ਇਸ ਸਾਰੇ ਕੁਝ ਦੀ ਸਹੀ ਯੋਜਨਾਬੰਦੀ ਹੋਣੀ ਚਾਹੀਦੀ ਹੈ, ਜਿਸ ਦੀ ਘਾਟ ਦਾ ਨੁਕਸਾਨ ਪੰਜਾਬੀਆਂ ਨੂੰ ਹੁੰਦਾ ਹੈ। ਹਰਿਆਣਾ ਨੇ ਆਪਣੇ ਇਲਾਕੇ ਵਿੱਚੋਂ ਲੰਘਣ ਵਾਲੇ ਘੱਗਰ ਦਰਿਆ ਉਪਰ ਕੌਸ਼ਲਿਆ ਡੈਮ ਬਣਾ ਲਿਆ ਹੈ। ਲੋੜ ਅਨੁਸਾਰ ਉਹ ਉਸ ਪਾਣੀ ਨੂੰ ਵਰਤ ਲੈਂਦੇ ਹਨ ਅਤੇ ਡੈਮ ਵਿੱਚ ਪਾਣੀ ਸਟੋਰ ਹੋਣ ਨਾਲ ਧਰਤੀ ਵਿੱਚ ਪਾਣੀ ਰੀਚਾਰਜ ਹੁੰਦਾ ਰਹਿੰਦਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਦੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ। ਭਾਰਤੀ ਜਲ ਸਿੰਜਾਈ ਬੋਰਡ ਨੇ ਪੰਜਾਬ ਅਤੇ ਹਰਿਆਣਾ ਨੂੰ ਸਾਂਝੇ ਤੌਰ 'ਤੇ ਡੈਮ ਬਣਾਉਣ ਦੀ ਸਲਾਹ ਦਿੱਤੀ ਸੀ, ਜਿਸ ਵਿੱਚ ਕੇਂਦਰ ਸਰਕਾਰ ਨੇ ਵੀ ਹਿੱਸਾ ਪਾਉਣਾ ਸੀ। ਪ੍ਰੰਤੂ ਕਿਸੇ ਵੀ ਸਰਕਾਰ ਨੇ ਸੰਜੀਦਗੀ ਨਹੀਂ ਵਿਖਾਈ। ਪੰਜਾਬ ਦੇ ਇਲਾਕੇ ਵਿੱਚ ਘੱਗਰ ਦਰਿਆ 'ਤੇ ਪੰਜਾਬ ਸਰਕਾਰ ਨੇ ਡੈਮ ਕਿਉਂ ਨਹੀਂ ਬਣਾਇਆ ? ਜੇ ਡੈਮ ਬਣਾ ਲੈਂਦੇ ਤਾਂ ਮੋਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਜਿਲ੍ਹਿਆਂ ਨੂੰ ਹੜ੍ਹਾਂ ਦੇ ਪਾਣੀ ਤੋਂ ਰਾਹਤ ਮਿਲ ਸਕਦੀ ਸੀ। ਇਥੇ ਸਰਕਾਰਾਂ ਆਰਥਿਕ ਸਮੱਸਿਆ ਦੀ ਗੱਲ ਕਰਦੀਆਂ ਹਨ। ਇਸ ਮੰਤਵ ਲਈ ਹੋਰ ਕਿਸੇ ਪਾਸੇ ਤੋਂ ਬਜਟ ਲਿਆ ਜਾ ਸਕਦਾ ਹੈ। ਕਰਜ਼ਾ ਲਿਆ ਜਾ ਸਕਦਾ ਹੈ। ਜਿਤਨਾ ਹੜ੍ਹਾਂ ਦੇ ਪਾਣੀ ਦੇ ਬਚਾਓ 'ਤੇ ਖ਼ਰਚ ਕਰਦੇ ਹਨ, ਉਤਨਾ ਅਗੇਤੇ ਪ੍ਰਬੰਧਾਂ 'ਤੇ ਕਰ ਲੈਣ ਤਾਂ ਕੋਈ ਮੁਸੀਬਤ ਪੈਦਾ ਹੀ ਨਹੀਂ ਹੋਵੇਗੀ। ਹੜ੍ਹਾਂ ਦੇ ਪਾਣੀ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਕਿਸਾਨਾ ਅਤੇ ਕਿਰਤੀਆਂ ਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਜਾਂਦੀਆਂ ਹਨ। ਪੰਜਾਬ ਵਿੱਚ ਕਿਸਾਨਾਂ ਦੀ ਹਮਾਇਤੀ ਅਖਵਾਉਣ ਵਾਲੀ ਪਾਰਟੀ ਨੇ 15 ਸਾਲ ਰਾਜ ਕੀਤਾ ਪ੍ਰੰਤੂ ਹੜ੍ਹਾਂ ਨੂੰ ਰੋਕਣ ਲਈ ਕੋਈ ਵੀ ਸਾਰਥਿਕ ਯੋਜਨਬੰਦੀ ਨਹੀਂ ਬਣਾਈ, ਹਾਂ ਹਰ ਸਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਦਾ ਡਰਾਮਾ ਜ਼ਰੂਰ ਹੁੰਦਾ ਰਿਹਾ ਹੈ। ਕਿਸਾਨਾਂ ਦੀ ਭਰਪਾਈ ਸੰਭਵ ਹੀ ਨਹੀਂ, ਹੰਝੂ ਪੂੰਝਣ ਵਾਲਾ ਸਟੰਟ ਹੁੰਦਾ ਹੈ। ਕਾਂਗਰਸ ਸਰਕਾਰ ਵੀ ਪੰਜਾਬ ਵਿੱਚ ਬਹੁਤਾ ਸਮਾਂ ਰਹੀ ਉਨ੍ਹਾਂ ਨੇ ਵੀ ਸੰਜੀਦਗੀ ਨਹੀਂ ਵਿਖਾਈ। ਸਾਰੇ ਵੋਟਾਂ ਵਟੋਰਨ ਲਈ ਗੋਂਗਲੂਆਂ ਤੋਂ ਮਿੱਟੀ ਝਾੜਦੇ ਰਹੇ। ਪੰਜਾਬ ਵਿੱਚ ਕੁਦਰਤੀ ਸੋਮੇਂ ਤਾਂ ਬਹੁਤ ਘੱਟ ਹਨ ਪ੍ਰੰਤੂ ਜਿਹੜੇ ਹਨ, ਉਨ੍ਹਾਂ ਨਾਲ ਖਿਲਵਾੜ ਹੋ ਰਿਹਾ ਹੈ। ਮੀਂਹ ਦੇ ਪਾਣੀ ਨੂੰ ਰੋਕਣ ਲਈ ਜੰਗਲਾਂ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਮੰਤਵ ਲਈ ਰਾਜ ਦੀ ਜ਼ਮੀਨੀ ਭੂਮੀ ਦੇ 33 ਫ਼ੀ ਸਦੀ ਹਿੱਸੇ ਵਿੱਚ ਜੰਗਲ ਹੋਣੇ ਜ਼ਰੂਰੀ ਹਨ। ਪੰਜਾਬ ਵਿੱਚ ਇਸ ਸਮੇਂ ਸਿਰਫ਼ 6 ਫ਼ੀ ਸਦੀ ਜੰਗਲ ਹਨ। ਜੰਗਲਾਂ ਨੂੰ ਵੱਢ ਕੇ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਸਰਕਾਰਾਂ ਨੂੰ ਜੰਗਲ ਅਧੀਨ ਰਕਬਾ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਜੰਗਲਾਂ ਨੂੰ ਕੱਟਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਦਰੱਖਤ ਵੱਢਣ ਨੂੰ ਰੋਕਿਆ ਜਾ ਸਕੇ। ਹੜ੍ਹਾਂ ਲਈ ਮਾਈਨਿੰਗ ਵੀ ਸਭ ਤੋਂ ਵੱਡੀ ਜ਼ਿੰਮੇਵਾਰ ਹੈ। ਪੰਜਾਬ ਦੇ ਹਰ ਜਿਲ੍ਹੇ ਵਿੱਚ ਧੜਾਧੜ ਮਾਈਨਿੰਗ ਹੁੰਦੀ ਰਹੀ ਹੈ। ਪੰਜਾਬ ਵਿੱਚ ਹਰ ਸਰਕਾਰ ਵਿੱਚ ਮਾਈਨਿੰਗ ਵੀ ਜੋਰਾਂ 'ਤੇ ਹੁੰਦੀ ਰਹੀ ਹੈ। ਇਹ ਮਾਈਨਿੰਗ ਸਰਕਾਰਾਂ ਦੀ ਸਹਿ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦੀ। ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਸਾਫ ਹੋ ਜਾਂਦਾ ਹੈ ਕਿ ਮਈਨਿੰਗ ਕਰਨ ਵਿੱਚ ਸਿਆਸਤਦਾਨਾ ਦੇ ਨਾਮ ਬੋਲਦੇ ਹਨ।

ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਹਰ ਗ਼ਲਤ ਕੰਮ ਲਈ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਰਹਿੰਦੀਆਂ ਹਨ। ਪੰਜਾਬੀਆਂ ਦੇ ਵੀ ਕੁਝ ਫਰਜ਼ ਹਨ। ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਵਿੱਚ ਪੰਜਾਬੀ ਸਭ ਤੋਂ ਮੋਹਰੀ ਹਨ। ਜਿਹੜੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਦੇ ਸਾਧਨ ਹਨ, ਉਨ੍ਹਾਂ 'ਤੇ ਗ਼ੈਰ ਕਾਨੂੰਨੀ ਕਬਜ਼ੇ ਹੋ ਗਏ ਹਨ। ਜਿਹੜੇ ਚੋਅ, ਟੋਭੇ, ਦਰਿਆ, ਰਜਵਾਹੇ, ਨਾਲੇ ਜਿਥੋਂ ਲੰਘਦੇ ਹਨ, ਉਥੇ ਜਿਹੜੇ ਕਿਸਾਨਾ ਦੇ ਖੇਤਾਂ ਦੇ ਕੋਲੋਂ ਜਾਂਦੇ ਹਨ, ਉਨ੍ਹਾਂ 'ਤੇ ਕਿਸਾਨਾ ਨੇ ਕਬਜ਼ੇ ਕਰਕੇ ਕੁਦਰਤੀ ਵਹਾਅ ਵਿੱਚ ਰੁਕਾਵਟ ਪਾਈ ਹੈ। ਹੜ੍ਹਾਂ ਤੋਂ ਬਾਅਦ ਹਰ ਸਰਕਾਰ ਐਕਸ਼ਨ ਮੋਡ ਵਿੱਚ ਆਉਂਦੀ ਹੈ। ਪਹਿਲਾਂ ਕਿਉਂ ਨਹੀਂ ਸੋਚਦੇ ? ਹੜ੍ਹਾਂ ਦੇ ਆਉਣ ਸਮੇਂ ਨਹਿਰਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ, ਜੇਕਰ ਹੜ੍ਹਾਂ ਦਾ ਪਾਣੀ ਨਹਿਰਾਂ ਵਿੱਚ ਜਾਣ ਦਿੱਤਾ ਜਾਵੇ ਤਾਂ ਤਾਂ ਹੜ੍ਹ ਨਹੀਂ ਆਉਣਗੇ। ਸਰਕਾਰ ਕਹਿੰਦੀ ਹੈ ਕਿ ਹੜ੍ਹਾਂ ਦੇ ਪਾਣੀ ਵਿੱਚ ਸਿਲਟ ਭਾਵ ਗਾਦ ਹੁੰਦੀ ਹੈ, ਇਹ ਗਾਦ ਨਹਿਰਾਂ ਵਿੱਚ ਜੰਮ ਜਾਂਦੀ ਹੈ, ਇਸ ਕਰਕੇ ਨਹਿਰਾਂ ਵਿੱਚ ਹੜ੍ਹਾਂ ਦਾ ਪਾਣੀ ਛੱਡਿਆ ਨਹੀਂ ਜਾਂਦਾ। ਰਾਜਸਥਾਨ ਫੀਡਰ ਵੀ ਬੰਦ ਕਰ ਦਿੱਤੀ ਹੈ। ਲੋਕਾਂ ਦੇ ਜਾਨ ਮਾਲ ਨਾਲੋਂ ਗਾਦ ਰੋਕਣ ਸਰਕਾਰਾਂ ਜ਼ਰੂਰੀ ਸਮਝਦੀਆਂ ਹਨ। ਪਾਕਿਸਤਾਨ ਨੇ ਸੁਲੇਮਾਨ ਹੈਡ ਵਰਕਸ ਦੇ 10 ਹੜ੍ਹ ਰੋਕੂ ਫਲੱਡ ਗੇਟ ਖੋਲ੍ਹ ਦਿੱਤੇ ਹਨ, ਜਿਸ ਨਾਲ ਪੰਜਾਬ ਵਿੱਚੋਂ ਪਾਣੀ ਪਾਕਿਸਤਾਨ ਵਿੱਚ ਜਾਣ ਨਲ ਥੋੜ੍ਹੀ ਰਾਹਤ ਮਿਲੀ ਹੈ। ਉਨ੍ਹਾਂ ਦੇ ਸੁਲੇਮਾਨ ਹੈਡ ਵਰਕਸ ਵਿੱਚੋਂ ਦੋ ਨਹਿਰਾਂ ਨਿਕਲਦੀਆਂ ਹਨ, ਕੀ ਉਨ੍ਹਾਂ ਵਿੱਚ ਗਾਦ ਨਹੀਂ ਜੰਮੇਗੀ ?


ਵਰਤਮਾਨ ਸਰਕਾਰ ਬਣੀ ਨੂੰ ਅਜੇ ਲਗਪਗ ਡੇਢ ਸਾਲ ਹੀ ਹੋਇਆ ਹੈ। ਭਾਵੇਂ ਸਰਕਾਰ ਬਦਲਾਅ ਦੇ ਨਾਮ 'ਤੇ ਹੋਂਦ ਵਿੱਚ ਆਈ ਹੈ ਕਿ ਉਹ ਮਾਇਨਿੰਗ ਅਤੇ ਹੋਰ ਸਾਰੇ ਗ਼ੈਰਕਾਨੂੰਨੀ ਧੰਦੇ ਬੰਦ ਕਰਵਾ ਦੇਵੇਗੀ, ਇਹ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਕਿਤਨੀ ਕੁ ਸਫਲ ਹੋਵੇਗੀ ਪ੍ਰੰਤੂ ਹੜ੍ਹਾਂ ਨੂੰ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਸਾਲ ਤਾਂ ਪਿਛਲੀਆਂ ਸਰਕਾਰਾਂ ਵਾਲਾ ਹਾਲ ਹੀ ਰਿਹਾ ਹੈ। ਇਸ ਸਰਕਾਰ ਦੇ ਅਜੇ ਸਾਢੇ ਤਿੰਨ ਸਾਲ ਬਾਕੀ ਰਹਿੰਦੇ ਹਨ, ਜੇਕਰ ਸਰਕਾਰ ਹੜ੍ਹਾਂ ਨੂੰ ਰੋਕਣ ਲਈ ਸੰਜੀਦਾ ਹੋਵੇਗੀ ਤਾਂ ਅਗਲੇ ਸਾਲ ਤੱਕ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਕੋਈ ਯੋਜਨਾ ਬਣਾਈ ਹੈ ਜਾਂ ਨਹੀਂ।







# ਹੜ੍ਹਾਂ ਦੀ ਤਬਾਹੀ ਅਤੇ ਫੋਟੋ ਸ਼ੈਸ਼ਨ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ, ਸੰਗਰੂਰ।
ਮੋ:94171-48866

ਕੁਦਰਤ ਦੀ ਕਰੋਪੀ ਦੇ ਮੰਜ਼ਰ ਕਾਰਨ ਪੰਜਾਬੀਆਂ ਦੇ ਸਾਹ ਸੂਤੇ ਗਏ ਹਨ। ਚਾਰ ਚੁਫੇਰੇ ਹੋਏ ਜਲ-ਥਲ ਕਾਰਨ ਪੰਜਾਬੀਆਂ ਦੇ ਜੀਵਨ ਵਿੱਚ ਜਿੱਥੇ ਖੜ੍ਹੌਤ ਆਈ ਹੈ, ਉੱਥੇ ਹੀ ਭਵਿੱਖ ਪ੍ਰਤੀ ਢੇਰ ਸਾਰੀਆਂ ਚਿੰਤਾਵਾਂ ਵਿੱਚ ਵਾਧਾ ਵੀ ਹੋਇਆ ਹੈ। ਇਸ ਵੇਲੇ ਪੰਜਾਬ ਪ੍ਰਾਂਤ ਦੇ 23 ਜਿਲ੍ਹਿਆਂ ਵਿੱਚੋਂ 13 ਜ਼ਿਲ੍ਹੇ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਅੰਦਾਜ਼ਨ 485 ਪਿੰਡਾਂ ਦੇ ਲੋਕ ਆਪਣਾ ਸਮਾਨ ਟਰਾਲੀਆਂ ਵਿੱਚ ਲੱਦ ਕੇ ਪਰਿਵਾਰ ਸਮੇਤ ਸੁਰੱਖਿਅਤ ਥਾਵਾਂ ਵੱਲ ਕੂਚ ਕਰ ਗਏ ਹਨ। ਇਸ ਸਹਿਮ ਦੇ ਪ੍ਰਛਾਂਵੇ ਹੇਠ ਇੱਕ ਪਾਸੇ ਫਸਲਾਂ ਦੀ ਬਰਬਾਦੀ, ਪਸ਼ੂ-ਧਨ ਦਾ ਜਾਨੀ ਨੁਕਸਾਨ, ਆਵਾਜਾਈ ਵਿੱਚ ਵਿਘਨ ਪੈਣ ਦੇ ਨਾਲ-ਨਾਲ ਲੋਕਾਂ ਦੇ ਘਰਾਂ ਵਿੱਚ ਗੋਡੇ-ਗੋਡੇ ਪਾਣੀ ਆਉਣ ਕਾਰਨ ਲੋਕ ਆਪਣਾ ਜ਼ਰੂਰੀ ਸਮਾਨ ਛੱਤਾਂ ਤੇ ਲੈ ਗਏ ਹਨ। ਕਈਆਂ ਨੇ ਆਪਣੇ ਘਰ ਦਾ ਉੱਪਰਲਾ ਹਿੱਸਾ ਕਿਰਾਏ ਤੇ ਦਿੱਤਾ ਹੋਇਆ ਸੀ। ਇਸ ਦੁੱਖ ਦੀ ਘੜੀ ਵਿੱਚ ਮਾਲਕ ਮਕਾਨ ਅਤੇ ਕਿਰਾਏਦਾਰਾਂ ਦੀ ਸਾਂਝ ਮਜ਼ਬੂਤ ਹੋਈ ਹੈ ਅਤੇ ਉਹ ਸਾਂਝੇ ਚੁਲ੍ਹੇ ਤੇ ਰੋਟੀ ਬਣਾ ਕੇ ਖਾ ਰਹੇ ਹਨ। ਪ੍ਰਸ਼ਾਸ਼ਨ ਵੱਲੋਂ ਉਨ੍ਹਾਂ ਨੂੰ ਸੁਰੱਖਿਅਤ ਕੱਢ ਕੇ ਸੁਰੱਖਿਅਤ ਸਥਾਨਾਂ ਤੇ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਲਈ ਖਾਣੇ ਦੇ ਪੈਕਟ, ਦਵਾਈਆਂ, ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਅਤੇ ਹੋਰ ਜੀਵਨ ਲੋੜਾਂ ਦੀ ਪੂਰਤੀ ਲਈ ਹਰ ਸੰਭਵ ਯਤਨ ਜਾਰੀ ਹੈ। ਪਰ ਇੱਕ ਪਾਸੇ ਹਰੀਕੇ ਹੈੱਡ ਵਰਕਸ ਤੋਂ ਹਜ਼ਾਰਾਂ ਕਿਊਸ਼ਿਕ ਪਾਣੀ ਛੱਡਣ ਦੇ ਨਾਲ ਨਾਲ ਭਾਖੜਾ ਡੈਮ ਦਾ ਅੰਦਾਜ਼ਨ 35000 ਕਿਊਸ਼ਿਕ ਪਾਣੀ ਦਰਿਆਵਾਂ ਵਿੱਚ ਛੱਡਣ ਦੇ ਫੈਸਲੇ ਨਾਲ ਖ਼ਤਰਾ ਹੋਰ ਵੱਧ ਗਿਆ ਹੈ, ਕਿਉਂਕਿ ਪੰਜਾਬ ਦੀਆਂ ਨਦੀਆਂ ਅਤੇ ਦਰਿਆਵਾਂ ਦੀ ਇਨ੍ਹੀ ਕਪੈਸਟੀ ਨਹੀਂ ਕਿ ਉਹ ਐਨ੍ਹੇ ਜ਼ਿਆਦਾ ਪਾਣੀ ਦੀ ਮਾਰ ਝੱਲ ਸਕਣ। ਆਖ਼ਰ ਨੂੰ ਇਹ ਪਾਣੀ ਲੋਕਾਂ ਦੀਆਂ ਫਸਲਾਂ ਅਤੇ ਘਰਾਂ ਵਿੱਚ ਦਾਖ਼ਲ ਹੋ ਕੇ ਹੋਰ ਤਬਾਹੀ ਕਰੇਗਾ। ਅਜਿਹੀ ਡਾਵਾਂਡੋਲ ਅਤੇ ਦਰਦਨਾਕ ਸਥਿਤੀ ਵਿੱਚ ਬਹੁਤ ਸਾਰੇ ਪਰਿਵਾਰ ਛੱਤ ਤੇ ਖੜ੍ਹੋ ਕੇ ਆਸ ਭਰੀਆਂ ਨਜ਼ਰਾਂ ਨਾਲ ਇਸ ਮੰਝਧਾਰ ਵਿੱਚੋਂ ਨਿਕਲਣ ਲਈ ਤਰਲੇ ਲੈ ਰਹੇ ਹਨ। ਬਹੁਤ ਸਾਰੀਆਂ ਮਾਵਾਂ ਆਪਣੇ ਮਾਸੂਮ ਬੱਚਿਆਂ ਨੂੰ ਗੋਦੀ ਚੁੱਕੀਂ ਕਿਸੇ ਪਰਉਪਕਾਰੀ ਦੀ ਉਡੀਕ ਵਿੱਚ ਆਸ ਭਰੀਆਂ ਨਜ਼ਰਾਂ ਨਾਲ ਡੂੰਘੇ ਪਾਣੀ ਦੇ ਵਹਾਅ ਵੱਲ ਵੇਖ ਰਹੀਆਂ ਹਨ। ਬਹੁਤ ਸਾਰੇ ਮਾਸੂਮ ਬੱਚੇ ਆਪਣੇ ਭੁੱਖੇ ਪੇਟ ਤੇ ਹੱਥ ਰੱਖੀਂ ਆਸਮਾਨ ਵੱਲ ਇਸ ਆਸ ਤੇ ਦੇਖ ਰਹੇ ਹਨ ਕਿ ਕਿਤੋਂ ਰੋਟੀਆਂ ਦੇ ਸੁੱਟੇ ਪੈਕਟ ਸਾਡੇ ਹਿੱਸੇ ਵੀ ਆ ਜਾਣ। ਕਈ ਦਿਨਾਂ ਤੋਂ ਭੁੱਖੇ ਬੇਜ਼ੁਬਾਨ ਪਸ਼ੂਆਂ ਦੀ ਹਾਲਤ ਵੀ ਵੇਖੀ ਨਹੀਂ ਜਾਂਦੀ। ਕਈ ਪਸ਼ੂਆਂ ਨੂੰ ਤਾਂ ਉਨ੍ਹਾਂ ਦੇ ਮਾਲਕਾਂ ਨੇ ਕਿੱਲਿਆਂ ਤੋਂ ਰੱਸਾ ਖੋਲ੍ਹ ਕੇ ਛੱਡ ਦਿੱਤਾ ਹੈ ਤਾਂ ਜੋ ਉਹ ਕਿੱਲੇ ਤੇ ਹੀ ਬਿਨਾਂ ਚਾਰੇ ਤੋਂ ਭੁੱਖੇ ਨਾ ਮਰ ਜਾਣ। ਕਈ ਪਸ਼ੂਆਂ ਦੀ ਪਾਣੀਆਂ ਦੀ ਲਪੇਟ ਵਿੱਚ ਆ ਕੇ ਮਰਨ ਦੀਆਂ ਹਿਰਦੇਵੇਧਕ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਇਸ ਵੇਲੇ ਦੱਸ ਵਿਅਕਤੀਆਂ ਦੇ ਪਾਣੀ ਵਿੱਚ ਰੁੜਨ ਕਾਰਨ ਮੌਤਾਂ ਅਤੇ ਕਈਆਂ ਦੇ ਪਾਣੀ ਵਿੱਚ ਵਹਿਣ ਕਾਰਨ ਕੋਈ ਅਤਾ ਪਤਾ ਹੀ ਨਹੀਂ ਲੱਗਿਆ। ਘੱਗਰ ਦਰਿਆ ਦੇ ਦੋ ਥਾਵਾਂ ਤੇ ਬੰਨ੍ਹ ਟੁੱਟਣ ਕਾਰਨ ਅੰਦਾਜ਼ਨ 20-22 ਪਿੰਡ ਪਾਣੀ ਦੀ ਮਾਰ ਵਿੱਚ ਆ ਗਏ ਹਨ। ਧੁਸੀ ਬੰਨ੍ਹ ਟੁੱਟਣ ਦੇ ਕਾਰਨ ਵੀ ਦੁਆਬੇ ਦੇ 8-10 ਪਿੰਡਾਂ ਨੇ ਹਿਜ਼ਰਤ ਕਰਕੇ ਆਪਣੀ ਅਤੇ ਪਰਿਵਾਰ ਦੀ ਜਾਨ ਬਚਾਉਣ ਦਾ ਯਤਨ ਕੀਤਾ ਹੈ। ਲੁਧਿਆਣਾ ਵਿੱਚ ਬੁੱਢੇ ਦਰਿਆ ਦਾ ਪੁੱਲ ਟੁੱਟਣ ਕਾਰਨ ਅਤੇ ਪਟਿਆਲਾ ਵਿੱਚ ਨਦੀ ਦੇ ਪੁਲ ਦਾ ਕੁੱਝ ਹਿੱਸਾ ਧੱਸਨ ਕਾਰਨ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਅਜਿਹੀ ਦਿਲ ਕੰਬਾਊ ਅਤੇ ਜਾਨ ਦਾ ਖੌਅ ਬਣੀ ਸਥਿਤੀ ਵਿੱਚ ਪ੍ਰਸ਼ਾਸ਼ਨ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਫੌਜ ਅਤੇ ਐਨ.ਡੀ.ਆਰ.ਐਫ. ਦੀਆਂ ਕਿਸ਼ਤੀਆਂ ਬਚਾਉ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਲੋਕਾਂ ਦੀ ਜਾਨ ਮਾਲ ਦੀ ਰੱਖਿਆ ਲਈ ਐਮਰਜੈਂਸੀ ਨੰਬਰ ਦੇ ਕੇ ਪੀੜਤਾਂ ਨੂੰ ਸੰਪਰਕ ਕਰਨ ਲਈ ਕਿਹਾ ਜਾ ਰਿਹਾ ਹੈ। ਪਰ ਮਾਰੂ ਅਤੇ ਦੁੱਖ ਦਾਇਕ ਸਥਿਤੀ ਵਿੱਚ ਵੀ ਰਾਜਨੀਤਿਕ ਲੋਕ ਵੋਟਾਂ ਦੀ ਰਾਜਨੀਤੀ ਤੋਂ ਬਾਜ ਨਹੀਂ ਆ ਰਹੇ। ਰਾਜ ਸਤਾ ਤੋਂ ਬਾਹਰ ਹੋਈਆਂ ਸਿਆਸੀ ਪਾਰਟੀਆਂ ਵਰਤਮਾਨ ਸਰਕਾਰ ਨੂੰ ਕੋਸ ਰਹੀਆਂ ਹਨ ਕਿ ਸਰਕਾਰ ਵੱਲੋਂ ਹੜ੍ਹਾਂ ਨਾਲ ਨਜਿੱਠਣ ਲਈ ਯੋਗ ਪ੍ਰਬੰਧ ਨਹੀਂ ਕੀਤੇ ਗਏ ਅਤੇ ਨਾਲ ਹੀ ਇਹ ਵੀ ਢੰਡੋਰਾ ਪਿਟਿਆ ਜਾ ਰਿਹਾ ਹੈ ਕਿ ਵਰਤਮਾਨ ਸਰਕਾਰ ਵੱਲੋਂ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਲਈ ਕੁੱਝ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ ਵਰਤਮਾਨ ਸਰਕਾਰ ਦੇ ਕੁਝ ਆਗੂ ਦੂਜੀਆਂ ਪਾਰਟੀਆਂ ਨੂੰ ਕੋਸਦੇ ਹੋਏ ਕਹਿੰਦੇ ਹਨ ਕਿ ਇਨ੍ਹਾਂ ਵੱਲੋਂ ਰਾਜ ਸਤਾ ਵਿੱਚ ਹੁੰਦਿਆਂ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਗਿਆ ਅਤੇ ਇਹ ਹੜ੍ਹ ਵੀ ਇਨ੍ਹਾਂ ਦੀ ਹੀ ਦੇਣ ਹਨ। ਭਲਾਂ ਅਜਿਹੇ ਰਾਜ ਨੀਤਿਕ ਬਿਆਨ ਅਤੇ ਸ਼ੋਸ਼ੇਬਾਜ਼ੀ ਕੀ ਲੋਕਾਂ ਦੇ ਮੁਰਝਾਏ ਚਿਹਰਿਆਂ ਤੇ ਮੁਸਕਰਾਹਟ ਲਿਆ ਸਕੇਗੀ ? ਕੀ ਉਨ੍ਹਾਂ ਦੇ ਡਿਗੂੰ ਡਿਗੂੰ ਕਰਦੇ ਮਕਾਨ, ਘਰ ਵਿੱਚ ਪਾਣੀ ਦੀ ਮਾਰ ਕਾਰਨ ਬਰਬਾਦ ਹੋ ਰਿਹਾ ਕੀਮਤੀ ਸਮਾਨ, ਮਰ ਰਿਹਾ ਪਸ਼ੂ ਧਨ ਅਤੇ ਹੋਰ ਜਾਨੀ ਅਤੇ ਮਾਲੀ ਨੁਕਸਾਨ ਦੀ ਪੂਰਤੀ ਕਰ ਸਕੇਗਾ ? ਘੱਟ ਤੋਂ ਘੱਟ ਅਜਿਹੇ ਮੌਕੇ ਤਾਂ ਅਜਿਹੀ ਹੋਛੀ ਸਿਆਸਤ ਤੋਂ ਪਰਹੇਜ਼ ਕਰਕੇ ਲੋਕਾਂ ਦੇ ਅੱਥਰੂ ਪੂੰਝਣ ਲਈ ਸਾਰਥਕ ਯਤਨਾਂ ਦੀ ਲੋੜ ਹੈ।

ਅਜਿਹੀ ਨਾਜ਼ੁਕ ਅਤੇ ਦਿਲ ਕੰਬਾਊ ਸਥਿਤੀ ਵਿੱਚ ਅਖੌਤੀ ਸਮਾਜ ਸੇਵਕਾਂ ਅਤੇ ਰਾਜਨੀਤਿਕ ਲੋਕਾਂ ਨੇ ਗੋਡੇ ਗੋਡੇ ਪਾਣੀ ਵਿੱਚ ਖੜੋ ਕੇ ਫੋਟੋ ਲਹਾਉਣ, ਕਿਤੇ ਜੀਰੀ ਦੇ ਖੇਤ ਵਿੱਚ ਖੜੋ ਕੇ ਹੱਥ ਬੰਨ੍ਹ ਕੇ ਫੋਟੋ ਲਹਾਉਣ ਅਤੇ ਜਾਂ ਫਿਰ ਥੋੜੇ ਜਿਹੇ ਚਾਵਲ ਅਤੇ ਇੱਕ ਦੋ ਕੇਲੇ ਕਿਸੇ ਮਾਸੂਮ ਬੱਚੇ ਦੇ ਹੱਥ ਵਿੱਚ ਫੜ੍ਹਾ ਕੇ ਫੋਟੋ ਲਹਾਉਣ ਉਪਰੰਤ ਸ਼ੋਸ਼ਲ ਮੀਡੀਆ ਤੇ ਪਾ ਕੇ ਵਾਹ ਵਾਹ ਖੱਟਣ ਵਿੱਚ ਕੋਈ ਕਸਰ ਨਹੀਂ ਛੱਡੀ। ਅਜਿਹੇ ਅਖੌਤੀ ਸਮਾਜ ਸੇਵਕਾਂ ਅਤੇ ਰਾਜਨੀਤਿਕ ਲੋਕਾਂ ਬਾਰੇ ਹੀ ਤਾਂ ਕਿਹਾ ਗਿਆ ਹੈ :- ਕਿੱਲੋ ਚੌਲ ਤੇ 2-3 ਕੇਲੇ ਬੱਚੇ ਹੱਥ ਫੜ੍ਹਾ ਕੇ। ਅੰਨ ਦਾਤਾ ਉਹ ਬਣ ਜਾਂਦੇ ਨੇ ਇੱਕ ਫੋਟੋ ਖਿੱਚਵਾ ਕੇ।

ਦੂਜੇ ਪਾਸੇ ਕੁਝ ਸੁਖਾਵੀਆਂ ਅਤੇ ਪ੍ਰੇਰਨਾਦਾਇਕ ਉਦਾਹਰਣਾਂ ਨੇ ਮੰਨ ਨੂੰ ਸਕੂਨ ਵੀ ਦਿੱਤਾ ਹੈ। ਧਰਮਕੋਟ ਇਲਾਕੇ ਦੀ ਮਹਿਲਾ ਐਸ.ਡੀ.ਐਮ. ਨੇ ਆਪ ਕਿਸ਼ਤੀ ਚਲਾ ਕੇ ਹੜ੍ਹ ਪੀੜਤਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ। ਉਨ੍ਹਾਂ ਦੇ ਠਹਿਰਨ ਅਤੇ ਖਾਣੇ ਦਾ ਪ੍ਰਬੰਧ ਕਰਕੇ ਲੋਕਾਂ ਦੀ ਪ੍ਰਸ਼ੰਸਾ ਦੀ ਪਾਤਰ ਬਣੀ। ਇਸ ਤਰੀਕੇ ਨਾਲ ਹੀ ਖਮਾਣੋ ਦੇ ਐਸ.ਡੀ.ਐਮ. ਨੇ ਛੇ ਫੁੱਟ ਡੂੰਘੇ ਪਾਣੀ ਵਿੱਚ ਡੁੱਬ ਰਹੇ ਵਿਅਕਤੀ ਨੂੰ ਆਪ ਪਾਣੀ ਵਿੱਚ ਕੁੱਦ ਕੇ ਬਾਹਰ ਕੱਢਿਆ। ਖਾਲਸਾ ਏਡ ਸੰਸਥਾ ਦੇ ਵਲੰਟੀਅਰਾਂ ਨੇ ਤੇਲ ਵਾਲੀ ਕਿਸ਼ਤੀ ਵਿੱਚ ਜਾ ਕੇ ਕੋਠਿਆਂ ਤੇ ਆਪਣੇ ਬੱਚਿਆਂ ਸਮੇਤ ਬੈਠੀਆਂ ਔਰਤਾਂ ਅਤੇ ਮਰਦਾਂ ਨੂੰ ਸੁਰੱਖਿਅਤ ਕੱਢ ਕੇ ਉਨ੍ਹਾਂ ਦੀਆਂ ਅਸੀਸਾਂ ਲਈਆਂ। ਗੋਲਡਨ ਹੱਟ ਵਾਲਾ ਰਾਮ ਸਿੰਘ ਰਾਣਾ ਜਿਸ ਨੇ ਕਿਸਾਨ ਅੰਦੋਲਨ ਵਿੱਚ ਕਿਸਾਨਾਂ ਦੇ ਠਹਿਰਨ ਦੇ ਨਾਲ -ਨਾਲ ਉਨ੍ਹਾਂ ਲਈ ਅੰਦਾਜਨ 380 ਦਿਨ ਖਾਣੇ ਦਾ ਵੀ ਪ੍ਰਬੰਧ ਕਰਕੇ ਅਸਲੀ ਅਰਥਾਂ ਵਿੱਚ ਆਪਣੇ ਆਪ ਨੂੰ ਕਿਸਾਨ ਅੰਦੋਲਨ ਪ੍ਰਤੀ ਸਮੱਰਪਿਤ ਕਰ ਦਿੱਤਾ ਸੀ, ਨੇ ਹੁਣ ਪਟਿਆਲਾ ਦੇ ਸ਼ਹੀਦ ਊਧਮ ਸਿੰਘ ਚੌਂਕ ਕੋਲ ਹੜ੍ਹ ਪੀੜਤਾਂ ਲਈ ਲੰਗਰ ਦਾ ਪ੍ਰਬੰਧ ਕਰ ਦਿੱਤਾ ਹੈ ਅਤੇ ਨਾਲ ਹੀ ਐਲਾਨ ਵੀ ਕੀਤਾ ਹੈ ਕਿ ਮੀਂਹ ਦੀ ਕਰੋਪੀ ਤੱਕ ਇਹ ਲੰਗਰ ਲੋੜਵੰਦਾਂ ਲਈ ਦਿਨ-ਰਾਤ ਜਾਰੀ ਰਹੇਗਾ। ਉਸ ਵੱਲੋਂ ਇਹ ਵੀ ਪ੍ਰਗਟਾਵਾ ਕੀਤਾ ਗਿਆ ਕਿ ਉਸ ਨੇ ਆਪਣਾ ਗੋਲਡਨ ਹੱਟ ਵਾਲਾ ਹੋਟਲ ਬੰਦ ਕਰਕੇ ਇੱਥੇ ਹੀ ਸੇਵਾ ਦਾ ਕੰਮ ਸੰਭਾਲ ਲਿਆ ਹੈ। ਉਸ ਨੇ ਗੱਚ ਭਰ ਕੇ ਇਹ ਵੀ ਕਿਹਾ ਕਿ ਜਦੋਂ ਮੇਰੇ ਭਰਾ, ਮੇਰੀਆਂ ਭੈਣਾਂ, ਮੇਰੀਆਂ ਮਾਂਵਾਂ ਅਤੇ ਬੱਚੇ ਭੁੱਖੇ ਪੇਟ ਹੋਣ ਫਿਰ ਭਲਾਂ ਮੈਨੂੰ ਨੀਂਦ ਕਿੰਜ ਆ ਸਕਦੀ ਹੈ ?

ਜਦੋਂ ਅਜਿਹੀਆਂ ਨਿਸ਼ਕਾਮ ਸਖ਼ਸ਼ੀਅਤਾਂ ਪੀੜਤਾਂ ਦਾ ਸਹਾਰਾ ਬਣ ਜਾਣ ਫਿਰ ਆਫ਼ਤਾਂ ਦਾ ਕੱਦ ਵੀ ਬੌਣਾ ਹੋ ਜਾਂਦਾ ਹੈ।









# ਪਿਕਨਿਕ ਮਨਾਂਉਂਦਿਆਂ ਹੀ ਚੇਤਨਾ ਕਲਚਰਲ ਸੈਂਟਰ ਟੌਰਾਂਟੋ ਦੇ ਕਲਾਕਾਰ ਆਪਣੇ ਹੱਕਾਂ ਦੀ ਗੱਲ ਕਰ ਗਏ

ਬਰੈਂਪਟਨ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਐਕਸ਼ਨ ਕਮੇਟੀ ਵੱਲੋਂ ਐਲਡਰੈਡੋ ਪਾਰਕ 'ਚ ਇੱਕ ਪਿਕਨਿਕ ਦਾ ਅਯੋਜਨ ਕੀਤਾ ਗਿਆ। ਜਿਸ 'ਚ ਸੈਂਕੜੇ ਲੋਕਾਂ ਨੇ ਸ਼ਿਰਕਤ ਕੀਤੀ। ਬਹੁਤ ਹੀ ਅੱਟ ਸਮੇਂ ਦੀ ਪ੍ਰੇਕਟਿਸ ਨਾਲ ਰੀਹਰਸਲ ਸਮਝਕੇ 'ਚੇਤਨਾ ਕਲਚਰਲ ਸੈਂਟਰ ਟੌਰਾਂਟੋ ਦੀ ਟੀਮ ਵੱਲੋਂ ਇੱਕ 20 ਕੁ ਮਿੰਟ ਦਾ 'ਸਟੂਪਿਡ ਗਰਲ' ਨਾਂ ਦਾ ਨੁੱਕੜ ਨਾਟਕ ਖੇਡਿਆ ਗਿਆ। ਲੋਕਾਂ ਵੱਲੋਂ ਇਸ ਨੁੱਕੜ ਨਾਟਕ ਨੂੰ ਬਹੁਤ ਪਸੰਦ ਕੀਤਾ ਗਿਆ। ਮਹਿੰਦਰ ਸਾਥੀ ਦੇ ਗੀਤ ਦੀਆਂ ਲਾਈਨਾਂ ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ' ਨੂੰ ਜਦੋਂ ਬਲਤੇਜ ਨੇ ਗਾਇਆ ਤਾਂ ਦਰਸ਼ਕ ਨਾਲ ਨਾਲ ਗਾਉਣ ਲੱਗ ਪਏ। ਇਹ ਨੁੱਕੜ ਨਾਟਕ 6 ਅਗਸਤ ਲਈ ਤਿਆਰ ਕਰ ਰਹੇ ਸੀ ਤੇ ਟ੍ਰਾਇਲ ਵੱਜੋਂ ਦੇਖਿਆ ਤਾਂ ਦਰਸ਼ਕਾਂ ਨੂੰ ਵਾਹਵਾ ਪਸੰਦ ਆਇਆ। ਐਮ ਪੀ ਸੋਨੀਆ ਸਿੱਧੂ ਨੇ ਵੀ ਇਸ ਨੂੰ ਕਾਫੀ ਸਰਾਹਿਆ। ਮਸਲਾ ਇਹ ਹੈ ਕਿ ਕੁੱਝ ਮਾਲਕ, ਕੰਮ ਲੱਭ ਰਹੀਆਂ ਇੰਟਰਨੈਸ਼ਨਲ ਸਟੂਡੈਂਟਸ ਨਾਲ ਗਲਤ ਵਿਵਹਾਰ ਕਰਦੇ ਹਨ ਤੇ ਬਦਨਾਮ ਕੁੜੀ ਨੂੰ ਹੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਸਮੇਂ 'ਤੇ ਐਮ ਪੀ ਪੀ ਅਮਰਜੋਤ ਸੰਧੂ, ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ, ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਤੇ ਗੁਰਪ੍ਰੀਤ ਸਿੰਘ ਢਿੱਲੋਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਪੂਰੇ ਨਾਟਕ ਦੀ ਵੀਡੀਓ ਪੂਰੀ ਤਿਆਰੀ ਨਾਲ ਖੇਡੇ ਜਾਣ ਤੋਂ ਬਾਅਦ ਸਾਂਝੀ ਕਰਾਂਗੇ। ਇਸ 'ਚ ਸਿਮਰਨ ਕ੍ਰਾਂਤੀ, ਬਲਤੇਜ ਸਿੱਧੂ, ਨਿਰਮਲ ਸਿੱਧੂ, ਹੀਰਾ ਸਿੰਘ ਹੰਸਪਾਲ, ਬਿਕਰਮਜੀਤ ਰੱਖੜਾ ਅਤੇ ਅਵਤਾਰ ਔਜਲਾ ਨੇ ਹਿੱਸਾ ਲਿਆ। ਨਾਟਕਕਾਰ ਨਾਹਰ ਔਜਲਾ ਨੇ ਪਿਕਨਿਕ 'ਚ ਆਏ ਸਾਰੇ ਹੀ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੁਰਿੰਦਰ ਬਾਥ ਜੀ ਤੇ ਸਾਬ ਸਹੋਤਾ ਜੀ ਵੱਲੋਂ ਇਸ ਪਿਕਨਿਕ ਨੂੰ ਸਪਾਂਸਰ ਕੀਤਾ ਗਿਆ। ਬਹੁਤ ਸਾਰੇ ਦਰਸ਼ਕਾਂ ਵੱਲੋਂ ਵੀ ਫੂਡ ਬਣਾਕੇ ਲਿਆਉਣ ਅਤੇ ਫੰਡ ਦੇ ਕੇ ਮੱਦਦ ਕੀਤੀ ਗਈ। ਇਸ ਸੰਸਥਾ ਦੇ ਬਲਰਾਜ ਕਾਹਲੋਂ, ਸੁਰਿੰਦਰ ਗਿੱਲ, ਹੀਰਾ ਸਿੰਘ ਹੰਸਪਾਲ, ਦਰਸ਼ਨ ਸਿੰਘ, ਅਮਰੀਸ਼, ਕਿਰਤ ਪਟੇਲ, ਅਮਰਜੀਤ ਸਿੰਘ, ਜਗਜੀਤ ਸਿੰਘ ਗਰੇਵਾਲ, ਧਰਮਪਾਲ ਸ਼ੇਰਗਿੱਲ, ਮੋਹਨ ਸਿੰਘ ਭੰਗੂ, ਤੇ ਨਾਹਰ ਔਜਲਾ ਮੈਂਬਰ ਹਨ।



# ਪਿੰਡ ਮਕਸੂਦੜਾ ਦੇ ਦਇਆਵਾਨ ਵਿਅਕਤੀਆਂ ਸਦਕਾ ਮੰਦ-ਬੁੱਧੀ ਬੇ-ਨਾਮ ਲੜਕੇ ਨੂੰ ਮਿਲੀ ਨਵੀਂ ਜ਼ਿੰਦਗੀ

ਬੀਤੇ 2-3 ਦਿਨਾਂ ਦੀ ਗੱਲ ਹੈ ਕਿ ਸ਼ਾਮ ਦੇ ਛੇ ਕੁ ਵਜੇ ਇੱਕ 20-22 ਸਾਲਾ ਮੰਦਬੁੱਧੀ ਲਵਾਰਸ ਲੜਕਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਕਸੂਦੜਾ 'ਚ ਲਾਲ ਰੰਗ ਦੀ ਟੀ-ਸ਼ਰਟ ਉਤਾਰ ਕੇ ਇੱਕ ਹੱਥ ਨਾਲ ਘੁੰਮਾਉਂਦਾ ਇੱਧਰ-ਉੱਧਰ ਫਿਰ ਰਿਹਾ ਸੀ। ਪਿੰਡ 'ਚ ਆਟੇ ਦੀ ਚੱਕੀ ਕੋਲ ਖੜ੍ਹੇ ਗੱਲਾਂ ਕਰ ਰਹੇ ਦੋ ਵਿਅਕਤੀਆਂ ਜੁਗਰਾਜ ਸਿੰਘ ਤੇ ਸੁਖਵਿੰਦਰ ਸਿੰਘ ਨੇ ਇਸ ਨੂੰ ਦੇਖਿਆ। ਉਹਨਾਂ ਨੇ ਉਸਦਾ ਨਾਮ ਪਤਾ ਆਦਿ ਪੁੱਛਿਆ ਤਾਂ ਇਹ ਲੜਕਾ ਕੁਝ ਵੀ ਨਾਂ ਦੱਸ ਸਕਿਆ ਅਤੇ ਸਿਰਫ ਇਸ਼ਾਰੇ ਹੀ ਕਰਦਾ ਸੀ। ਜੋ ਦੇਖਣ ਨੂੰ ਮੰਦ-ਬੁੱਧੀ ਹੀ ਜਾਪਦਾ ਸੀ। ਉਸ ਨੂੰ ਖਾਣ-ਪੀਣ ਦੀ ਵੀ ਸੁੱਧ-ਬੁੱਧ ਨਹੀਂ ਸੀ। ਜੁਗਰਾਜ ਸਿੰਘ ਤੇ ਸੁਖਵਿੰਦਰ ਸਿੰਘ ਨੇ ਇਸ ਲੜਕੇ ਨੂੰ ਉਸ ਰਾਤ ਆਪਣੇ ਕੋਲ ਹੀ ਰੱਖ ਲਿਆ। ਆਸ-ਪਾਸ ਦੇ ਪਿੰਡਾਂ ਤੋਂ ਇਸਦੇ ਵਾਰਸਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ, ਪਰ ਕੁੱਝ ਵੀ ਪਤਾ ਨਾ ਚੱਲਿਆ।

ਲਵਾਰਸ ਹੋਣ ਕਰਕੇ ਦੂਸਰੇ ਦਿਨ ਇਸ ਨੂੰ ਥਾਣਾ ਪਾਇਲ 'ਚ ਲਿਜਾ ਕੇ ਦਰਖਾਸਤ ਲਿਖਵਾਈ ਗਈ। ਲੋੜੀਂਦੀ ਕਾਰਵਾਈ ਕਰਨ ਉਪਰੰਤ 8 ਜੁਲਾਈ ਦਿਨ ਸ਼ਨੀਵਾਰ ਨੂੰ ਏ.ਐਸ.ਆਈ. ਸੁਖਵਿੰਦਰ ਸਿੰਘ ਤੇ ਹਵਾਲਦਾਰ ਭਗਵਾਨ ਸਿੰਘ ਵੱਲੋਂ ਇਸ ਨੂੰ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡਿਆ ਗਿਆ। ਇਸ ਲੜਕੇ ਦਾ ਕੱਦ ਤਕਰੀਬਨ 5 ਫੁੱਟ ਹੈ, ਕੇਸ ਕੱਟੇ ਹੋਏ ਹਨ ਅਤੇ ਦਾਹੜੀ ਉੱਤਰਦੀ ਹੈ। ਆਸ਼ਰਮ ਦੇ ਸੇਵਾਦਾਰਾਂ ਵਲੋਂ ਇਸਨੂੰ ਇਸ਼ਨਾਨ ਆਦਿ ਕਰਵਾਕੇ ਪ੍ਰਸ਼ਾਦਾ ਪਾਣੀ ਛਕਾਇਆ ਗਿਆ। ਜ਼ਰੂਰਤ ਅਨੁਸਾਰ ਇਸ ਨੂੰ ਮੈਡੀਕਲ ਸਹਾਇਤਾ ਦਿੱਤੀ ਗਈ, ਸੌਣ ਲਈ ਮੰਜਾ-ਬਿਸਤਰਾ ਦਿੱਤਾ ਗਿਆ। ਆਸ਼ਰਮ 'ਚ ਆ ਕੇ ਇਹ ਕਾਫੀ ਖੁਸ਼ ਦਿਖਾਈ ਦੇ ਰਿਹਾ ਹੈ। ਆਸ਼ਰਮ ਦੇ ਸਟਾਫ਼ ਵੱਲੋਂ ਇਸ ਨੂੰ ਬਾਰ-ਬਾਰ ਪੁੱਛਣ 'ਤੇ ਇਸ ਨੇ ਆਪਣਾ ਨਾਮ ਮੋਹਨ ਦੱਸਆ ਹੈ ਪਰ ਹੋਰ ਕੁੱਝ ਨਹੀਂ ਦੱਸ ਸਕਿਆ।



ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਪਿਛਲੇ ਤਕਰੀਬਨ ਵੀਹ ਸਾਲਾਂ ਤੋਂ ਇਸ ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੁਹਤ ਹੀ ਸੁਚੱਜੇ ਢੰਗ ਨਾਲ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ:95018-42505; ਡਾ. ਨੌਰੰਗ ਸਿੰਘ ਮਾਂਗਟ:95018-42506; ਕੈਨੇਡਾ:403-401-8787 ।

# ਅੰਮ੍ਰਿਤ ਸਾਗਰ ਫਾਉਂਡੇਸ਼ਨ ਵੱਲੋਂ ਕਰਵਾਏ ਪ੍ਰੋਗਰਾਮ ਦੌਰਾਨ ਬਜ਼ੁਰਗਾਂ ਨੇ ਬਹੁਤ ਸਾਰੇ ਇਨਾਮ ਜਿੱਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲਗਯਰੀਆ ਹੋਮਜ਼, ਲੰਡਨ ਸੁਕੇਅਰ ਡੈਂਟਲ ਅਤੇ ਪੀ ਟੀ ਬੀ ਦੇ ਸਹਿਯੋਗ ਨਾਲ ਅੰਮ੍ਰਿਤ ਸਾਗਰ ਫਾਉਂਡੇਸ਼ਨ ਅਤੇ ਪਰਲ ਪ੍ਰਿੰਟਰਜ਼ ਐਂਡ ਫੋਟੋਗਰਾਫੀ ਵੱਲੋਂ 8 ਜੁਲਾਈ 2023 ਵਾਲੇ ਦਿਨ ਜੈਨੇਸਿਸ ਸੈਂਟਰ ਵਿਖੇ 6ਵਾਂ ਸੀਨੀਅਰ ਸਪੋਰਟਸ ਡੇ ਮਨਾਇਆ ਗਿਆ। ਜਿਸ ਵਿੱਚ 250 ਦੇ ਕਰੀਬ ਬਜ਼ੁਰਗਾਂ ਨੇ ਹਿੱਸਾ ਲਿਆ। ਸਭ ਤੋਂ ਵੱਡੀ ਉਮਰ ਦੀ ਬਜ਼ੁਰਗ ਸ਼੍ਰੀਮਤੀ ਗੁਰਦੇਵ ਕੌਰ ਜੀ ਨੇ 91 ਸਾਲ ਦੀ ਉਮਰ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਇਸ ਸਮਾਗਮ ਵਿਚ ਚੀਨ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਨਾਈਜੀਰੀਆ ਦੇ ਵੀ ਕਈ ਬਜ਼ੁਰਗਾਂ ਨੇ ਵੀ ਭਾਗ ਲਿਆ ਅਤੇ ਉਨ੍ਹਾਂ ਨੇ ਬਹੁਤ ਸਾਰੇ ਇਨਾਮ ਵੀ ਜਿੱਤੇ। ਪੁਰਸ਼ਾਂ ਦੇ ਫਾਈਨਲ ਮੁਕਾਬਲੇ ਵਿੱਚ ਮੁਹੰਮਦ ਸਰਵਰ, ਬਲਵੰਤ ਸਿੰਘ ਅਤੇ ਹਰਭਜਨ ਸਿੰਘ ਮੁੰਜਾਲ ਜੇਤੂ ਰਹੇ ਜਿਨ੍ਹਾਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮਹਿਲਾ ਮੁਕਾਬਲੇ ਵਿੱਚ ਜੇਤੂ ਜਿਟਾਂਗ ਯਾਂਗ, ਸੁਰਜੀਤ ਢਿੱਲੋਂ ਅਤੇ ਸੁਸ਼ਮਾ ਵਰਮਾ ਸਨ। ਵਾਰਡ 5 ਤੋਂ ਸਿਟੀ ਕਾਉਂਸਲਰ ਰਾਜ ਧਾਲੀਵਾਲ, ਮਿੱਕੀ ਐਮਰੀ ਐਮ ਐਲ ਏ ਅਤੇ ਨਿਆਂ ਮੰਤਰੀ ਅਲਬਰਟਾ, ਸ੍ਰੀ ਪਰਮੀਤ ਸਿੰਘ ਬੋਪਾਰਾਏ ਐਮ ਐਲ ਏ ਕੈਲਗਰੀ ਫਾਲਕਨਰਿਜ, ਇਰਫ਼ਾਨ ਸਾਬਿਰ ਐਮ ਐਲ ਏ ਕੈਲਗਰੀ ਭੁੱਲਰ ਮੈਕਾਲ)ਨੇ ਵੀ ਇਸ ਸਮਾਗਮ ਦੌਰਾਨ ਸਪੈਸਲ ਹਾਜਿਰੀ ਭਰੀ। ਲੰਡਨ ਸੂਕੇਯਰ ਡੈਂਟਲ, ਮਾਰਟਿਨਡੇਲ ਸਮਾਇਲ, ਮੋਜੇਕ ਪ੍ਰਾਇਮਰੀ ਕੇਅਰ ਨੈਂਟਵਰਕ, ਵੇਟ ਲੌਸ, ਦੰਦਾਂ ਦੀ ਦੇਖਭਾਲ ਅਤੇ ਸ਼ੂਗਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਡਾਇਬੀਟੀਜ਼ ਵੈਲਨੈਸ ਸੈਂਟਰ ਵਾਲਿਆਂ ਨੇ ਸਾਰੇ ਬਜ਼ੁਰਗਾਂ ਦਾ ਬਲੱਡ ਪਰੈਸ਼ਰ ਤੇ ਬਲੱਡ ਸ਼ੂਗਰ ਦੀ ਜਾਂਚ ਵੀ ਕੀਤੀ। ਇਸ ਸਮਾਗਮ ਦੀ ਸਫਲਤਾ ਲਈ ਕੈਲਗਰੀ ਪੁਲਿਸ ਸਰਵਸਿਸ, ਸੈਂਟਰ ਫਾਰ ਨਿਊਕਮਰਜ, ਇਮੀਗ੍ਰੇਟ ਸਰਵਸਿਸ ਕੈਲਗਰੀ, ਸੇਂਟ ਜੌਨਜ ਐਮਬੂਲੈਂਸ ਅਤੇ ਕੈਲਗਰੀ ਲਾਫਟਰ ਕਲੱਬ ਦਾ ਸਹਿਯੋਗ ਸ਼ਲਾਘਾਯੋਗ ਰਿਹਾ।




# ਕਰਾਚੀ ਦੇ ਲੋਕ ਦੁਨੀਆ ਦਾ ਸਭ ਤੋਂ ਮਹਿੰਗਾ ਆਟਾ ਖਰੀਦਣ ਲਈ ਮਜਬੂਰ ਹਨ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਲੋਨ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਪਾਕਿਸਤਾਨ 'ਚ ਮਹਿੰਗਾਈ ਅਸਮਾਨ ਨੂੰ ਛੂਹਣ ਲੱਗੀ ਹੈ। ਕਰਾਚੀ ਦੇ ਲੋਕ ਦੁਨੀਆ ਦਾ ਸਭ ਤੋਂ ਮਹਿੰਗਾ ਆਟਾ ਖਰੀਦਣ ਲਈ ਮਜਬੂਰ ਹਨ। ਪਾਕਿਸਤਾਨ ਦੇ ਇੱਕ ਮੀਡੀਆ ਅਦਾਰੇ ਮੁਤਾਬਕ, ਉੱਥੇ ਇੱਕ ਕਿੱਲੋ ਆਟਾ 160 ਰੁਪਏ ਵਿੱਚ ਵਿਕ ਰਿਹਾ ਹੈ। ਇਹ ਪਾਕਿਸਤਾਨ ਦੇ ਇਸਲਾਮਾਬਾਦ ਅਤੇ ਪੰਜਾਬ ਤੋਂ ਵੱਧ ਹੈ। ਕਰਾਚੀ ਵਿੱਚ 20 ਕਿਲੋ ਆਟੇ ਦੇ ਥੈਲੇ ਦੀ ਕੀਮਤ 200 ਰੁਪਏ ਤੱਕ ਵਧ ਗਈ ਹੈ। ਇਸ ਕਾਰਨ 20 ਕਿਲੋ ਆਟੇ ਦੀ ਕੀਮਤ 3200 ਰੁਪਏ ਹੋ ਗਈ ਹੈ। ਇਹ ਕੀਮਤ ਪਾਕਿਸਤਾਨੀ ਰੁਪਏ ਦੇ ਹਿਸਾਬ ਨਾਲ ਹੈ। ਇਸ ਤੋਂ ਪਹਿਲਾਂ, ਵਧਦੀ ਮਹਿੰਗਾਈ ਦੇ ਵਿਚਕਾਰ ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਦੇ ਪ੍ਰਚੂਨ ਬਾਜ਼ਾਰਾਂ ਵਿੱਚ ਖੰਡ ਦੀਆਂ ਕੀਮਤਾਂ ਵੀ 160 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਰਿਕਾਰਡ ਉੱਚ ਪੱਧਰ ਨੂੰ ਛੂਹ ਗਈਆਂ ਸਨ। ਪਾਕਿਸਤਾਨ ਨੇ ਮਹਿੰਗਾਈ ਦੇ ਮਾਮਲੇ 'ਚ ਦੀਵਾਲੀਆ ਹੋਏ ਸ਼੍ਰੀਲੰਕਾ ਦਾ ਰਿਕਾਰਡ ਵੀ ਤੋੜ ਦਿੱਤਾ ਸੀ। ਪਾਕਿਸਤਾਨ ਵਿੱਚ ਅਪ੍ਰੈਲ ਵਿੱਚ ਮਹਿੰਗਾਈ ਦਰ 36।4% ਤੱਕ ਪਹੁੰਚ ਗਈ ਸੀ, ਜੋ ਕਿ 1964 ਤੋਂ ਬਾਅਦ ਸਭ ਤੋਂ ਵੱਧ ਸੀ। ਜਦੋਂ ਕਿ ਅਪ੍ਰੈਲ ਵਿੱਚ, ਸ਼੍ਰੀਲੰਕਾ ਵਿੱਚ ਮਹਿੰਗਾਈ ਦੀ ਦਰ 35।3% ਫ਼ੀਸਦ ਸੀ।



# ਡਾ. ਸਤਿਨਾਮ ਸਿੰਘ ਸੰਧੂ ਨੇ ਅਰਪਨ ਲਿਖਾਰੀ ਸਭਾ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਜੁਲਾਈ ਮਹੀਨੇ ਮੀਟਿੰਗ 8 ਜੁਲਾਈ ਨੂੰ ਡਾ. ਜੋਗਾ ਸਿੰਘ ਅਤੇ ਡਾ. ਸਤਿਨਾਮ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ ਪ੍ਰੋਗਰਾਮ ਦਾ ਅਗਾਜ਼ ਦਰਸ਼ਣ ਤਿਉਣਾ ਦੇ ਗੀਤ 'ਸੁਣ ਵੇ ਪੰਜਾਬੀਆਂ ਮੈਂ ਹਾਂ ਪੰਜਾਬੀ ਤੇਰੀ' ਨਾਲ ਹੋਇਆ ਸਰੋਤਿਆਂ ਵੱਲੋਂ ਇਸ ਗੀਤ ਨੂੰ ਬਹੁਤ ਹੀ ਸੁਲਾਹਿਆ ਗਿਆ ਡਾ. ਮਨਮੋਹਨ ਸਿੰਘ ਬਾਠ ਨੇ ਇਕ ਦਿਲੀ ਹੂਕ ਪੇਸ਼ ਕਰਦਾ ਗੀਤ 'ਦੀਵਾ ਬਲੇ ਸਾਰੀ ਰਾਤ ਵੇ' ਆਪਣੀ ਦਮਦਾਰ ਅਵਾਜ਼ ਨਾਲ ਵਧੀਆ ਪੇਸ਼ਕਾਰੀ ਕੀਤੀ ਜਰਨੈਲ ਤੱਗੜ ਨੇ ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਬਹੁਤ ਤੇਜੀ ਨਾਲ ਆਈ ਤਬਦੀਲੀ ਬਾਰੇ ਆਪਣੇ ਵਿਚਾਰ ਰੱਖੇ ਅਤੇ ਇੱਕ ਕਵਿਤਾ 'ਬਣ ਜਾਂਦੇ ਨੇ ਹਾਲਾਤ ਉਂਝ ਰੋਣਾ ਕੌਣ ਚਾਹੰਦਾ ਏ' ਸੁਣਾਈ ਸ਼ਾਇਰ ਕੇਸਰ ਸਿੰਘ ਨੀਰ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਇੱਕ ਗ਼ਜ਼ਲ 'ਸੋਚਦਾ ਹਾਂ ਮੈਂ ਸਦਾ ਆਦਮੀ ਦੇ ਵਾਸਤੇ, ਆਦਮੀ ਦੀ ਜ਼ਿੰਦਗੀ ਰਾਂਗਲੀ ਦੇ ਵਾਸਤੇ' ਪੇਸ਼ ਕੀਤੀ ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਦੀ ਜੋੜੀ ਨੇ ਕਵੀਸ਼ਰੀ ਰਾਹੀਂ ਇੱਕ ਧਾਰਮਿਕ ਕਵਿਤਾ 'ਜੇ ਬੰਦਿਆ ਸੁੱਖ ਲੈਣਾ ਛੱਡ ਦੇ ਮੇਰੀ ਮੇਰੀ' ਕਵੀਸ਼ਰੀ ਰੰਗ ਵਿੱਚ ਪੇਸ਼ ਕਰਕੇ ਰੰਗ ਬੰਨਿਆ। ਸਰਬਜੀਤ ਕੌਰ ਉੱਪਲ ਨੇ ਗੀਤ 'ਨੀ ਹੀਰੇ ਤੇਰੇ ਦਰਸ਼ਣ ਨੂੰ' ਗਾ ਕੇ ਸਰੋਤਿਆਂ ਦੀਆਂ ਤਾਲ਼ੀਆਂ ਵਟੋਰੀਆਂ। ਇਕਬਾਲ ਖ਼ਾਨ ਨੇ ਪੰਜਾਬੀ ਬੋਲੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਇੱਕ ਇਨਕਲਾਬੀ ਗੀਤ 'ਸੋਚਣ ਢੰਗ' ਵਿਲੱਖਣ ਅੰਦਾਜ਼ 'ਚ ਸੁਣਇਆ।



ਡਾ. ਸਤਿਨਾਮ ਸਿੰਘ ਸੰਧੂ ਹੋਰਾਂ ਆਪਣੀ ਸੰਖੇਪ ਅਤੇ ਭਾਵਪੂਰਤ ਜਾਣ ਪਛਾਣ ਕਰਾਉਂਦਿਆਂ ਆਪਣਾ ਕੈਨੇਡਾ ਆਉਂਣ ਦਾ ਮਕਸਦ ਦੱਸਦਿਆਂ ਆਖਿਆ ਕਿ ਉਹ ਪੰਜਾਬੀ ਬੋਲੀ ਦੇ ਵਿਕਾਸ ਲਈ ਪੰਜਾਬ ਤੋਂ ਬਾਹਰਲੇ ਲੋਕ ਜੋ ਪੰਜਾਬੀ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਇੱਕ ਮੰਚ ਤੇ ਇਕੱਠੇ ਹੋ ਕੇ ਪੰਜਾਬੀ ਬੋਲੀ ਦੀ ਬੇਹਤਰੀ ਲਈ ਉਤਸ਼ਾਹਿਤ ਕਰਨਾ ਹੈ ਉਨ੍ਹਾਂ ਪੰਜਾਬੀ ਭਾਸ਼ਾ ਦੇ ਵਰਤਮਾਨ ਅਤੇ ਭਵਿੱਖ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਡਾ. ਸੰਧੂ ਨੇ 1984 ਦੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਹਮਲੇ ਸਮੇਂ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਜੋ ਬਹੁਮੁੱਲਾ ਖ਼ਜ਼ਾਨਾ ਗੁੰਮ ਹੋਇਆ, ਉਹਦੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਸਰਕਾਰਾਂ (ਪੰਜਾਬ ਤੇ ਕੇਂਦਰ) ਨੇ ਆਪਣੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਈਆਂ ਇਹ ਇੱਕ ਬਹੁਤ ਦੁੱਖਦਾਈ ਪਹਿਲੂ ਹੈ। ਉਨ੍ਹਾਂ ਇਸ ਗੱਲ ਦੀ ਚਿੰਤਾ ਵੀ ਪ੍ਰਗਟ ਕੀਤੀ ਕਿ ਸਾਡਾ ਮੱਧ ਕਾਲੀ ਸਾਹਿਤ ਅਲੋਪ ਹੋ ਰਿਹਾ ਹੈ। ਡਾ. ਸੰਧੂ ਨੇ ਦੁੱਖ ਨਾਲ ਕਿਹਾ ਕਿ ਪਿਛਲੇ ਸਮੇਂ ਤੋਂ ਬਹੁਤ ਸਾਰਾ ਸਾਹਿਤ ਰਚਿਆ ਗਿਆ ਹੈ, ਪਰ ਪੜ੍ਹਿਆ ਨਹੀਂ ਗਿਆ। ਡਾ. ਸਤਿਨਾਮ ਸਿੰਘ ਨੇ ਆਸ਼ਾਵੰਦ ਹੁੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਬਾਹਰਲੇ ਦੇਸ਼ਾਂ ਵਿਚ ਪੰਜਾਬੀ ਬੋਲੀ ਵੱਧ-ਫੁੱਲ ਰਹੀ ਹੈ।

ਉਪਰੰਤ ਅਰਪਨ ਲਿਖਾਰੀ ਸਭਾ ਦੇ ਮੈਂਬਰਾਂ ਵੱਲੋਂ ਡਾ. ਸਤਿਨਾਮ ਸਿੰਘ ਸੰਧੂ ਦਾ ਮਾਣ-ਸਨਮਾਣ ਕੀਤਾ ਗਿਆ ਸਭਾ ਦੇ ਮੈਂਬਰਾਂ ਦੀਆਂ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ। ਡਾ. ਸਤਿਨਾਮ ਸਿੰਘ ਨੇ ਸਭਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਸੇ ਤਰ੍ਹਾਂ ਪੰਜਾਬੀ ਪਿਆਰੇ ਪੰਜਾਬੀ ਭਾਸ਼ਾ ਲਈ ਰਲ ਮਿਲ ਕੇ ਕੰਮ ਕਰਦੇ ਰਹਿਣਗੇ ਡਾ. ਜੋਗਾ ਸਿੰਘ ਨੇ 'ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ, ਕੋਈ ਪਿਆਰ ਵਾਲ਼ੀ ਗੱਲ ਸਜਨਾ ਨੂੰ ਕਹਿਣ ਦੇ' ਅਤੇ ਨਾਲ ਹੀ ਸ਼ਾਇਰ ਕੇਸਰ ਸਿੰਘ ਦੀ 'ਲੱਗਦਾ ਹਮੇਸ਼ਾ ਉਸ ਨੂੰ ਭਾਰ ਜ਼ਿੰਦਗੀ ਦਾ, ਮਘਿਆ ਨਹੀ ਹੈ ਜਿਸ ਦਾ ਅੰਗਿਆਰ ਜ਼ਿੰਦਗੀ ਦਾ' ਗ਼ਜ਼ਲ ਪੇਸ਼ ਕੀਤੀ। ਜਸਬੀਰ ਸਹੋਤਾ ਨੇ ਇੱਕ ਗੀਤ ਸਾਂਝਾ ਕੀਤਾ ਗੁਰਦੀਸ਼ ਗਰੇਵਾਲ ਨੇ ਕੈਨੇਡੀਅਨ ਜੰਮਪਲ਼ ਬੱਚਿਆਂ ਨੂੰ ਪੰਜਾਬੀ ਸਿੱਖਾਉਣ ਦੇ ਉਪਰਾਲਿਆ ਬਾਰੇ ਗੱਲ ਕੀਤੀ ਲਖਵਿੰਦਰ ਸਿੰਘ ਜੌਹਲ ਨੇ ਸਰਕਾਰਾਂ ਦੀ ਮਾੜੀ ਕਾਰਗੁਜ਼ਾਰੀ ਤੇ ਕਰਾਰੀ ਚੋਟ ਕਰਦੀ ਇੱਕ ਕਵਿਤਾ ਸੁਣਾਈ।ਇਨ੍ਹਾਂ ਤੋਂ ਇਲਾਵਾ ਅਵਤਾਰ ਕੌਰ ਤੱਗੜ, ਸੁਖਦੇਵ ਕੌਰ ਢਾਅ, ਗੁਰਦਿਲਰਾਜ ਸਿੰਘ ਦਾਨੇਵਾਲੀਆ, ਸਤਨਾਮ ਸਿੰਘ ਢਾਅ, ਪੰਜਾਬ ਤੋਂ ਆਏ ਸਿੱਖਿਆ ਅਫ਼ਸਰ ਗੁਰਦੇਵ ਸਿੰਘ ਬਾਬਾ ਅਤੇ ਸ਼ੇਖ਼ ਸੁਬਾਂ ਨੇ ਇਸ ਸਾਹਿਤਕ ਵਿਚਾਰ ਚਰਚਾ ਵਿੱਚ ਭਰਪੂਰ ਯੋਗਦਾਨ ਪਾਇਆ।










# ਜਦੋਂ ਮੈਂ ਕਿਸਮਤ ਨਾਲ ਘੱਗਰ ਦਰਿਆ ਵਿੱਚੋਂ ਬਚਿਆ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਕੁਝ ਦਿਨਾਂ ਤੋਂ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਸੂਬਿਆਂ ਵਿੱਚ ਭਾਰੀ ਬਾਰਸ਼ ਹੋ ਰਹੀ ਹੈ। ਅਜਿਹੀਆਂ ਬਾਰਸ਼ਾਂ ਨਾਲ ਕਾਰਨ ਹੋਰ ਕਿਤੇ ਹੜ੍ਹ ਆਵੇ ਜਾਂ ਨਾ ਆਵੇ, ਘੱਗਰ ਦਰਿਆ ਵਿੱਚ ਲਜ਼ਮੀ ਹੜ੍ਹ ਆ ਜਾਂਦੇ ਹਨ। ਕਿਸੇ ਵੇਲੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਅਰਧ ਮਾਰੂਥਲੀ ਇਲਾਕੇ ਦੀ ਜੀਵਨ ਰੇਖਾ ਸਮਝਿਆ ਜਾਣ ਵਾਲਾ ਘੱਗਰ ਅੱਜ ਲੋਕਾਂ ਦੀ ਜਾਨ ਦਾ ਖੌਅ ਬਣ ਚੁੱਕਾ ਹੈ। ਬਰਸਾਤਾਂ ਦੌਰਾਨ ਇਸ ਵਿੱਚ ਹੜ੍ਹ ਆ ਜਾਂਦਾ ਹੈ ਤੇ ਖੁਸ਼ਕ ਮੌਸਮ ਵਿੱਚ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਵਗਦਾ ਹੈ ਜੋ ਘਾਤਕ ਬਿਮਾਰੀਆਂ ਫੈਲਾਉਂਦਾ ਹੈ। ਬਰਸਾਤੀ ਨਦੀ ਘੱਗਰ ਦਾ ਉਦਗਮ ਸਥਲ 6322 ਫੁੱਟ ਦੀ ਉਚਾਈ 'ਤੇ ਡਗਸ਼ਈ (ਹਿਮਾਚਲ) ਦੀਆਂ ਪਹਾੜੀਆਂ ਵਿੱਚ ਹੈ ਤੇ ਇਹ ਪੰਜਾਬ, ਹਰਿਆਣਾ ਵਿੱਚ ਵਗਦਾ ਹੋਇਆ ਰਾਜਸਥਾਨ ਦੇ ਰੇਤੀਲੇ ਟਿੱਬਿਆਂ ਵਿੱਚ ਅਲੋਪ ਹੋ ਜਾਂਦਾ ਹੈ। ਕੌਸ਼ੱਲਿਆ, ਮਾਰਕੰਡਾ, ਸਰਸੁਤੀ ਅਤੇ ਟਾਂਗਰੀ ਇਸ ਦੀਆਂ ਸਹਾਇਕ ਨਦੀਆਂ ਹਨ। ਇਸ 'ਤੇ ਹਰਿਆਣੇ ਵਿੱਚ ਕੌਸ਼ੱਲਿਆ (ਪਿੰਜੌਰ) ਅਤੇ ਉਟੂ (ਸਿਰਸਾ) ਡੈਮ ਬਣੇ ਹੋਏ ਹਨ। ਇਸ ਦੇ ਹੜ੍ਹਾਂ ਦੀ ਜਿਆਦਾਤਰ ਮਾਰ ਪੰਜਾਬ ਦੇ ਪਟਿਆਲਾ, ਸੰਗਰੂਰ, ਮਾਨਸਾ ਅਤੇ ਹਰਿਆਣਾ ਦੇ ਸਿਰਸਾ ਜਿਲ੍ਹੇ ਨੂੰ ਪੈਂਦੀ ਹੈ। ਇਸ ਦੇ ਕੰਢੇ ਮਜ਼ਬੂਤ ਕਰਨ ਲਈ ਖਨੌਰੀ ਤੋਂ ਲੈ ਕੇ ਮਕਰੌੜ ਸਾਹਿਬ ਪਿੰਡ ਤੱਕ ਸਰਕਾਰੀ ਤੌਰ 'ਤੇ ਬੰਨ੍ਹ ਬਣਾਏ ਗਏ ਸਨ। ਇਹ ਇਲਾਕੇ ਦਾ ਤਾਂ ਕੁਝ ਨਹੀਂ ਸੰਵਾਰ ਸਕੇ, ਪਰ ਸਰਕਾਰ ਦਾ ਸੈਂਕੜੇ ਕਰੋੜ ਰੁਪਿਆ ਖੂਹ ਵਿੱਚ ਜਰੂਰ ਪੈ ਗਿਆ।

ਅਜ਼ਾਦੀ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਝੋਨੇ ਦਾ ਰਿਵਾਜ਼ ਨਹੀਂ ਸੀ ਤਾਂ ਲੋਕ ਘੱਗਰ ਦੇ ਹੜ੍ਹਾਂ ਨੂੰ ਉਡੀਕਦੇ ਸਨ, ਕਿਉਂਕਿ ਗਰਮੀਆਂ ਵਿੱਚ ਜ਼ਮੀਨਾਂ ਖਾਲੀ ਹੁੰਦੀਆਂ ਸਨ। ਜਿੱਥੇ ਜਿੱਥੇ ਘੱਗਰ ਦਾ ਪਾਣੀ ਫਿਰ ਜਾਂਦਾ ਸੀ, ਮਿੱਟੀ ਸੋਨਾ ਹੋ ਜਾਂਦੀ ਸੀ ਤੇ ਭਰਪੂਰ ਕਣਕ ਅਤੇ ਛੋਲੇ ਪੈਦਾ ਹੁੰਦੇ ਸਨ। ਪਰ ਹੁਣ ਗਰਮੀਆਂ ਵਿੱਚ ਝੋਨਾ ਲੱਗਾ ਹੋਣ ਕਾਰਨ ਹਰ ਦੋ ਤਿੰਨ ਸਾਲ ਬਾਅਦ ਕਿਸਾਨਾਂ ਦਾ ਕਰੋੜਾਂ ਦਾ ਨੁਕਸਾਨ ਹੋ ਜਾਂਦਾ ਹੈ। ਜਦੋਂ ਵੀ ਸਾਵਣ ਦੇ ਮਹੀਨੇ ਕਾਲੀਆਂ ਘਟਾਵਾਂ ਚੜ੍ਹਦੀਆਂ ਹਨ ਤਾਂ ਘੱਗਰ ਕੰਢੇ ਵੱਸਦੇ ਪਿੰਡਾਂ ਦੇ ਲੋਕਾਂ ਦੇ ਦਿਲਾਂ ਦੀ ਧੜਕਨ ਵਧ ਜਾਂਦੀ ਹੈ। ਘੱਗਰ ਵਿੱਚ ਹੁਣ ਤੱਕ ਸੈਂਕੜੇ ਹੜ੍ਹ ਆ ਚੁੱਕੇ ਹਨ ਪਰ ਜੁਲਾਈ 1993 ਵਾਲਾ ਹੜ੍ਹ ਸਭ ਤੋਂ ਵੱਧ ਭਿਆਨਕ ਸੀ। ਮੈਂ ਉਹਨੀਂ ਦਿਨੀ ਸੰਗਰੂਰ ਜਿਲ੍ਹੇ ਦੇ ਥਾਣੇ ਮੂਨਕ ਵਿਖੇ ਐਸ.ਐਚ.ਉ. ਲੱਗਾ ਹੋਇਆ ਸੀ। ਸੰਗਰੂਰ ਜਿਲ੍ਹੇ ਦੇ ਥਾਣੇ ਖਨੌਰੀ ਅਤੇ ਮੂਨਕ ਘੱਗਰ ਦੀ ਮਾਰ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। 15 ਜੁਲਾਈ ਤੋਂ ਸ਼ੁਰੂ ਹੋ ਕੇ ਸਾਰੇ ਪੰਜਾਬ ਵਿੱਚ ਕਈ ਦਿਨ ਲਗਾਤਾਰ ਮੀਂਹ ਪੈਂਦਾ ਰਿਹਾ ਸੀ ਤੇ 18 ਜੁਲਾਈ ਨੂੰ ਰਾਤੋ ਰਾਤ ਪਟਿਆਲੇ ਵੱਲੋਂ ਘੱਗਰ ਮੌਤ ਬਣ ਕੇ ਇਲਾਕੇ 'ਤੇ ਟੁੱਟ ਪਿਆ ਸੀ। ਸਾਰੇ ਪਾਸੇ ਹਾਹਾਕਾਰ ਮੱਚ ਗਈ ਤੇ ਦਿਨ ਚੜ੍ਹਦੇ ਨੂੰ ਸਾਰੇ ਪਾਸੇ ਤਬਾਹੀ ਦਾ ਦ੍ਰਿਸ਼ ਵਿਖਾਈ ਦੇਣ ਲੱਗਾ। ਅਨੇਕਾਂ ਇਨਸਾਨਾਂ ਨੂੰ ਮੌਤ ਨੇ ਸੁੱਤੇ ਪਏ ਹੀ ਆਪਣੇ ਸ਼ਿਕੰਜੇ ਵਿੱਚ ਜਕੜ ਲਿਆ ਸੀ। ਸੈਂਕੜੇ ਮਕਾਨ, ਦੁਧਾਰੂ ਪਸ਼ੂ ਤੇ ਕਰੋੜਾਂ ਦਾ ਘਰੇਲੂ ਸਮਾਨ ਪਾਣੀ ਵਿੱਚ ਰੁੜ੍ਹ ਗਿਆ ਸੀ। ਅਚਾਨਕ ਆਏ ਇਸ ਹੜ੍ਹ ਨਾਲ ਪਟਿਆਲੇ ਜਿਲ੍ਹੇ ਦੀ ਸ਼ੁਤਰਾਣਾ ਚੌਂਕੀ ਪਾਣੀ ਵਿੱਚ ਡੁੱਬ ਗਈ ਸੀ ਜਿਸ ਕਾਰਨ ਚੌਂਕੀ ਇੰਚਾਰਜ ਦੀ ਮੌਤ ਹੋ ਗਈ ਸੀ। ਬਾਕੀ ਮੁਲਾਜ਼ਮਾਂ ਨੇ ਦਰਖਤਾਂ 'ਤੇ ਚੜ੍ਹ ਕੇ ਬਹੁਤ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ ਸੀ।



ਮੂਨਕ – ਟੋਹਾਣਾ ਸੜਕ ਰੁੜ੍ਹ ਜਾਣ ਕਾਰਨ ਰਾਮਪੁਰਾ, ਕੁਦਨੀ ਅਤੇ ਹਾਂਡਾ ਪਿੰਡ ਬਾਕੀ ਇਲਾਕੇ ਤੋਂ ਕੱਟੇ ਗਏ ਸਨ ਤੇ ਉਥੇ ਖਾਣ ਪੀਣ ਦੇ ਸਮਾਨ ਅਤੇ ਦਵਾਈਆਂ ਆਦਿ ਦੀ ਸਖਤ ਕਿੱਲਤ ਹੋ ਗਈ ਸੀ। ਉਸ ਵੇਲੇ ਮੂਨਕ ਤਹਿਸੀਲ ਵਿੱਚ ਦੋ ਸਰਕਾਰੀ ਮੋਟਰ ਬੋਟਾਂ ਤਾਇਨਾਤ ਸਨ। ਜਦੋਂ ਉਹਨਾਂ ਦੇ ਇੰਜਣ ਚੈੱਕ ਕੀਤੇ ਤਾਂ ਕਈ ਸਾਲਾਂ ਤੋਂ ਬੰਦ ਰਹਿਣ ਕਾਰਨ ਇੱਕ ਤਾਂ ਸਟਾਰਟ ਹੀ ਨਾ ਹੋਈ ਪਰ ਦੂਸਰੇ ਨੂੰ ਅਸੀਂ ਇੱਕ ਜੁਗਾੜੀ ਸਕੂਟਰ ਮਕੈਨਿਕ ਦੀ ਸਹਾਇਤਾ ਨਾਲ ਚਾਲੂ ਕਰ ਲਿਆ। ਜਦੋਂ ਅਸੀਂ ਮੋਟਰ ਬੋਟ ਪਾਣੀ ਵਿੱਚ ਸੁੱਟੀ ਤਾਂ ਹੜ੍ਹ ਦੇ ਪਾਣੀ ਦੀ ਵਿਸ਼ਾਲਤਾ ਵੇਖ ਕੇ ਮੇਰੀਆਂ ਅੱਖਾਂ ਪਾਟ ਗਈਆਂ, ਮੀਲਾਂ ਤੱਕ ਪਾਣੀ ਹੀ ਪਾਣੀ ਜੋ ਬਿਜਲੀ ਦੇ ਖੰਭਿਆਂ ਦੇ ਸਿਖਰ ਤੱਕ ਪਹੁੰਚ ਚੁੱਕਾ ਸੀ। ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਹੜ੍ਹ ਦਾ ਭਿਆਨਕ ਨਜ਼ਾਰਾ ਤੱਕਿਆ ਸੀ। ਕਿਸ਼ਤੀ ਵਿੱਚ ਇੱਕ ਡਰਾਈਵਰ, ਦੋ ਪੁਲਿਸ ਵਾਲੇ ਅਤੇ ਇੱਕ ਸਕੂਟਰ ਮਕੈਨਿਕ ਸੀ, ਜਿਸ ਨੂੰ ਅਸੀਂ ਐਮਰਜੈਂਸੀ ਵਾਸਤੇ ਨਾਲ ਰੱਖਿਆ ਸੀ। ਜਿੰਨਾ ਕੁ ਸਮਾਨ ਅਸੀਂ ਉਸ ਖਟਾਰਾ ਕਿਸ਼ਤੀ ਵਿੱਚ ਰੱਖ ਸਕਦੇ ਸੀ, ਰੱਖ ਕੇ ਹਾਂਡੇ ਪਿੰਡ ਵੱਲ ਠਿੱਲ ਪਏ। ਸਾਰਿਆਂ ਨੇ ਪਾਟੀਆਂ ਜਿਹੀਆਂ ਸਰਕਾਰੀ ਲਾਈਫ ਜੈਕਟਾਂ ਪਾਈਆਂ ਹੋਈਆਂ ਸਨ। ਹੜ੍ਹ ਦੇ ਪਾਣੀ ਵਿੱਚ ਮੋਟਰ ਬੋਟ ਚਲਾਉਣੀ ਬਿਲਕੁਲ ਅਲੱਗ ਤਜ਼ਰਬਾ ਹੁੰਦਾ ਹੈ ਕਿਉਂਕਿ ਥੋੜ੍ਹੇ ਥੋੜ੍ਹੇ ਵਕਫੇ ਬਾਅਦ ਕਿਸ਼ਤੀ ਰੋਕ ਕੇ ਰੋਟਰ ਵਿੱਚ ਫਸਿਆ ਘਾਹ ਬੂਟ ਕੱਢਣਾ ਪੈਂਦਾ ਹੈ। ਹੜ੍ਹ ਦਾ ਪਾਣੀ ਕਿਸ਼ਤੀ ਨੂੰ ਉਲਟ ਦਿਸ਼ਾ ਵੱਲ ਧੱਕ ਕੇ ਲਿਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਕਾਰਨ ਉਵਰ ਲੋਡ ਇੰਜਣ ਦੇ ਅੜਾਟ ਪੈ ਰਹੇ ਸਨ। ਕਿਸ਼ਤੀ ਵੱਲ ਮੂੰਹ ਅੱਡੀ ਆਉਂਦੀਆਂ ਖੌਫਨਾਕ ਛੱਲਾਂ ਵੇਖ ਕੇ ਸਭ ਦੀ ਜਾਨ ਹਲਕ 'ਚ ਫਸ ਰਹੀ ਸੀ। ਸਾਡੇ ਤਿੰਨ ਚਾਰ ਗੇੜੇ ਤਾਂ ਠੀਕ ਠਾਕ ਲੱਗ ਗਏ ਪਰ ਪੰਜਵੇਂ ਗੇੜੇ ਨੂੰ ਕਿਸ਼ਤੀ ਦਰਿਆ ਦੇ ਤੇਜ਼ ਵਹਿਣ ਵਿੱਚ ਫਸ ਗਈ ਤੇ ਇੰਜਣ ਦਮ ਤੋੜ ਗਿਆ। ਘਾਤ ਲਗਾਈ ਬੈਠੇ ਬੇਲਗਾਮ ਪਾਣੀ ਨੇ ਇੱਕ ਦਮ ਕਿਸ਼ਤੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਉਹ ਤੇਜ਼ੀ ਨਾਲ ਜਾਖਲ ਵੱਲ ਨੂੰ ਰੁੜ੍ਹਨ ਲੱਗੀ। ਅੱਗੇ ਸਾਰਾ ਪਾਣੀ ਇਕੱਠਾ ਹੋ ਕੇ ਜਾਖਲ – ਟੋਹਾਣਾ ਰੋਡ 'ਤੇ ਬਣੇ ਪੁਲ ਨਾਲ ਰਗੜ ਕੇ ਲੰਘ ਰਿਹਾ ਸੀ। ਵੱਡੇ ਵੱਡੇ ਦਰਖਤ, ਸ਼ਤੀਰੀਆਂ ਅਤੇ ਜਾਨਵਰਾਂ ਦੀਆਂ ਲਾਸ਼ਾਂ ਆਪਸ ਵਿੱਚ ਟਕਰਾ ਰਹੀਆਂ ਸਨ। ਕਿਸ਼ਤੀ ਦੀ ਪੁਲ ਨਾਲ ਟੱਕਰ ਹੋਣੀ ਲਾਜ਼ਮੀ ਸੀ ਤੇ ਬਚਣ ਦਾ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ। ਸਾਰੇ ਜਾਣੇ ਰੱਬ ਨੂੰ ਧਿਆਉਂਦੇ ਹੋਏ ਨਿਸ਼ਚਿਤ ਮੌਤ ਵੱਲ ਵਧ ਰਹੇ ਸਨ। ਅਜਿਹੇ ਨਾਜ਼ਕ ਮੌਕੇ ਮੇਰੇ ਇੱਕ ਗੰਨਮੈਨ ਨੇ ਹੈਰਾਨੀਜਨਕ ਹਿੰਮਤ ਵਿਖਾਈ ਤੇ ਕਿਸ਼ਤੀ ਨਾਲ ਬੱਝੇ ਹੋਏ ਰੱਸੇ ਦਾ ਸਿਰਾ ਪਕੜ ਕੇ ਪਾਣੀ ਵਿੱਚ ਛਾਲ ਮਾਰ ਦਿੱਤੀ। ਉਹ ਤੇਜ਼ੀ ਨਾਲ ਤੈਰਦਾ ਹੋਇਆ ਬਿਜਲੀ ਦੇ ਇੱਕ ਖੰਬੇ ਵੱਲ ਵਧਿਆ ਤੇ ਆਨਨ ਫਾਨਨ ਵਿੱਚ ਰੱਸੀ ਤਾਰਾਂ ਨਾਲ ਬੰਨ੍ਹ ਦਿੱਤੀ ਜਿਸ ਕਾਰਨ ਕਿਸ਼ਤੀ ਇੱਕ ਦਮ ਰੁਕ ਗਈ। ਸਾਰਿਆ ਦੇ ਸਾਹ ਵਿੱਚ ਸਾਹ ਆਏ। ਸਕੂਟਰ ਮਕੈਨਿਕ ਉੱਚੀ ਉੱਚੀ ਰੋ ਰਿਹਾ ਸੀ ਜਿਸ ਨੂੰ ਬਹੁਤ ਮੁਸ਼ਕਿਲ ਨਾਲ ਚੁੱਪ ਕਰਵਾ ਕੇ ਇੰਜਣ ਠੀਕ ਕਰਨ ਲਈ ਲਗਾਇਆ। ਰੱਬ ਰੱਬ ਕਰਦਿਆਂ ਘੰਟੇ ਡੇਢ ਘੰਟੇ ਵਿੱਚ ਇੰਜਣ ਚਾਲੂ ਹੋਇਆ ਤੇ ਅਸੀਂ ਮੂਨਕ ਵੱਲ ਸ਼ੂਟ ਵੱਟ ਦਿੱਤੀ।ਅਗਲੇ ਦਿਨ ਪਾਤੜਾਂ ਤੋਂ ਫੌਜ ਆਪਣੀਆਂ ਆਧੁਨਿਕ ਕਿਸ਼ਤੀਆਂ ਲੈ ਕੇ ਪਹੁੰਚ ਗਈ ਤੇ ਬਚਾਉ ਦਾ ਕੰਮ ਸੰਭਾਲ ਲਿਆ। ਮੈਂ ਦੁਬਾਰਾ ਫੌਜ ਦੀਆਂ ਕਿਸ਼ਤੀਆਂ ਵਿੱਚ ਬੈਠ ਕੇ ਅਨੇਕਾਂ ਚੱਕਰ ਦਰਿਆ ਵਿੱਚ ਲਗਾਏ ਕਿਉਂਕਿ ਫੌਜੀਆਂ ਨੂੰ ਇਲਾਕੇ ਬਾਰੇ ਬਹੁਤਾ ਪਤਾ ਨਹੀਂ ਸੀ। ਫੌਜ ਦੀਆਂ ਕਿਸ਼ਤੀਆਂ ਤੇ ਸਿਵਲ ਪ੍ਰਸ਼ਾਸ਼ਨ ਦੀ ਕਬਾੜਾ ਕਿਸ਼ਤੀਆਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਸੀ। ਮੈਂ ਕੰਨਾਂ ਨੂੰ ਹੱਥ ਲਗਾਏ ਕਿ ਕਦੇ ਭੁੱਲ ਕੇ ਵੀ ਸਿਵਲ ਪ੍ਰਸ਼ਾਸ਼ਨ ਦੀ ਕਿਸ਼ਤੀ ਵਿੱਚ ਬੈਠਣ ਦਾ ਪੰਗਾ ਨਹੀਂ ਲੈਣਾ। ਪਿਛਲੇ ਸਾਲ ਮੈਂ ਪਤਾ ਕੀਤਾ ਸੀ ਤਾਂ ਸੁਣ ਕੇ ਹੈਰਾਨ ਰਹਿ ਗਿਆ ਕਿ ਸਰਕਾਰੀ ਕਿਸ਼ਤੀਆਂ ਦਾ ਅਜੇ ਵੀ ਉਹ ਹੀ ਹਾਲ ਹੈ।

# ਕੇਂਦਰੀ ਸਰਕਾਰਾਂ ਵੱਲੋਂ ਪੰਜਾਬ ਨਾਲ ਘੋਰ ਵਿਤਕਰਾ



ਪ੍ਰਿੰਸੀਪਲ ਸਰਵਣ ਸਿੰਘ

ਜਸਵੰਤ ਸਿੰਘ ਕੰਵਲ ਕੂਕਦਾ ਮਰ ਗਿਆ, 'ਪੰਜਾਬ ਸਿਆਂ! ਤੇਰਾ ਕੋਈ ਨਾ ਬੇਲੀ।' ਉਸ ਨੇ ਪੰਜਾਬ ਨਾਲ ਹੁੰਦੇ ਵਿਤਕਰੇ ਬਾਰੇ ਕੇਂਦਰੀ ਹਾਕਮਾਂ ਨੂੰ ਬੇਅੰਤ ਚਿੱਠੀਆਂ ਲਿਖੀਆਂ ਜੋ ਹੁਣ ਵੀ ਉਹਦੀਆਂ ਕਿਤਾਬਾਂ 'ਚੋਂ ਪੜ੍ਹੀਆਂ ਜਾ ਸਕਦੀਆਂ ਨੇ। ਤੀਹ ਕੁ ਸਾਲ ਪਹਿਲਾਂ ਮੈਂ ਵੀ ਇਕ ਲੇਖ ਲਿਖਿਆ ਸੀ, 'ਦੁੱਖ ਦਰਿਆਵਾਂ ਦੇ।' ਉਹਦਾ ਤੱਤਸਾਰ ਸੀ ਕਿ ਦਰਿਆਈ ਪਾਣੀ ਜੇ ਸੋਕੇ ਸਮੇਂ ਅੰਮ੍ਰਿਤ ਹੈ ਤਾਂ ਹੜ੍ਹ ਸਮੇਂ ਮੁਸੀਬਤ ਤੇ ਮੌਤ ਹੈ। ਤਦੇ ਰਾਇਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਸਮਝੇ ਜਾਂਦੇ ਹਨ ਜਿਹੜੇ ਰਾਜ ਵਿਚ ਵਗਦੇ ਹੋਣ। ਇਹ ਅਨਿਆਂ ਹੈ ਕਿ ਰਾਇਪੇਰੀਅਨ ਰਾਜ ਹੜ੍ਹਾਂ ਦਾ ਦੁੱਖ ਤਾਂ ਭੋਗੀ ਜਾਵੇ ਪਰ ਆਪਣੇ ਦਰਿਆਈ ਪਾਣੀ ਕਿਸੇ ਹੋਰ ਰਾਜ ਨੂੰ ਮੁਫ਼ਤ ਦੇਈ ਜਾਵੇ। ਸਤਲੁਜ, ਬਿਆਸ, ਰਾਵੀ ਤੇ ਘੱਗਰ ਪੰਜਾਬ ਰਾਜ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਮੱਲੀ ਬੈਠੇ ਹਨ ਜਿਸ ਦੀ ਕੀਮਤ ਦਾ ਕੋਈ ਲੇਖਾ ਨਹੀਂ। ਉਥੇ ਨਾ ਕੋਈ ਫਸਲ ਹੁੰਦੀ ਹੈ, ਨਾ ਘਰ ਪਾਇਆ ਜਾ ਸਕਦੈ ਤੇ ਨਾ ਰੁਜ਼ਗਾਰ ਲਈ ਕੋਈ ਕਾਰਖਾਨਾ ਲਾਇਆ ਜਾ ਸਕਦੈ। ਉਤੋਂ ਹੜ੍ਹਾਂ ਨਾਲ ਅਰਬਾਂ ਖਰਬਾਂ ਦਾ ਨੁਕਸਾਨ ਹੋ ਜਾਂਦੈ। ਇਸ ਨੁਕਸਾਨ ਦੀ ਪੂਰਤੀ ਤਦੇ ਹੋ ਸਕਦੀ ਹੈ ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਵਾਲੇ ਨਾਨ ਰਿਪੇਰੀਅਨ ਰਾਜ ਹੜ੍ਹਾਂ ਦੇ ਨੁਕਸਾਨ ਦਾ ਵੀ ਹਿੱਸਾ ਵੰਡਾਉਣ ਜਾਂ ਦਰਿਆਵਾਂ ਦੇ ਪਾਣੀ ਵਰਤਣ ਦਾ ਮਾਰਕਿਟ ਅਨੁਸਾਰ ਮੁੱਲ ਤਾਰਨ। ਰਾਇਪੇਰੀਅਨ ਸਿਧਾਂਤ ਅਨੁਸਾਰ ਗੰਗਾਨਗਰ ਦਾ ਮਹਾਰਾਜਾ ਗੰਗ ਨਹਿਰ ਦੇ ਪਾਣੀ ਦਾ ਮੁੱਲ ਤਾਰਦਾ ਸੀ। ਇਹ ਕਿਧਰਲਾ ਨਿਆਂ ਹੈ ਕਿ ਰਾਜਸਥਾਨ ਆਪਣੀ ਮਿੱਟੀ ਯਾਨੀ ਪੱਥਰ ਤਾਂ ਪੰਜਾਬ ਨੂੰ ਮੁੱਲ ਵੇਚੇ ਪਰ ਪੰਜਾਬ ਦਾ ਦਰਿਆਈ ਪਾਣੀ ਮੁਫ਼ਤ ਵਰਤੇ। ਜੇ ਕੋਲੇ ਦੀਆਂ ਖਾਣਾਂ ਵਾਲਾ ਰਾਜ ਕੋਲਾ ਵੇਚਦਾ, ਤੇਲ ਦੇ ਖੂਹਾਂ ਵਾਲਾ ਤੇਲ, ਜੰਗਲ ਵਾਲਾ ਜੰਗਲ, ਧਾਤਾਂ ਵਾਲਾ ਧਾਤ ਤਾਂ ਜਿਹੜੇ ਰਾਜ ਦੀ ਜ਼ਮੀਨ ਘੇਰੀ/ਦੱਬੀ ਦਰਿਆ ਤੇ ਨਾਲੇ ਵਗਦੇ ਹੋਣ ਉਹ ਪਾਣੀ ਕਿਉਂ ਨਾ ਵੇਚਣ? ਦਰਿਆਵਾਂ ਕਰਕੇ ਹੀ ਪੰਜਾਬ 'ਚ ਅਕਸਰ ਹੜ੍ਹ ਆਉਂਦੇ ਹਨ ਜੋ ਜਾਨ ਮਾਲ ਦੀ ਤਬਾਹੀ ਕਰਦੇ ਹਨ। ਹੜ੍ਹ 'ਚ ਬੰਦੇ ਮਰਦੇ, ਪਸ਼ੂ ਰੁੜ੍ਹਦੇ, ਮਕਾਨ ਢਹਿੰਦੇ, ਸੜਕਾਂ ਟੁਟਦੀਆਂ, ਪੁਲ ਡਿਗਦੇ, ਸੇਮ ਹੁੰਦੀ, ਟਿਊਵੈੱਲ ਬਹਿੰਦੇ ਤੇ ਫਸਲਾਂ ਮਾਰੀਆਂ ਜਾਂਦੀਆਂ ਹਨ। ਹੜ੍ਹ ਦੇ ਪਾਣੀ ਨਾਲ ਲੱਗੀਆਂ ਲਾਗ ਦੀਆਂ ਬਿਮਾਰੀਆਂ ਵੱਖ ਲੈ ਬਹਿੰਦੀਆਂ ਹਨ। ਢਹੀਆਂ ਉਸਾਰੀਆਂ ਮੁੜ ਉਸਾਰਨੀਆਂ ਪੈਂਦੀਆਂ ਹਨ। ਜੇ ਦਰਿਆਈ ਪਾਣੀਆਂ ਦੀ ਕੀਮਤ ਵਸੂਲੀ ਗਈ ਹੋਵੇ ਤਾਂ ਕਿਸੇ ਹੱਦ ਤਕ ਘਾਟੇ ਪੂਰੇ ਕੀਤੇ ਜਾ ਸਕਦੇ ਹਨ। ਵਰਨਾ ਕਰਜ਼ਈ ਹੋਇਆ ਰਾਜ ਹੋਰ ਕਰਜ਼ਈ ਹੁੰਦਾ ਰਹਿੰਦਾ ਹੈ। ਕਿੱਡਾ ਅਨਿਆਂ ਹੈ ਕਿ ਸੋਕੇ ਵੇਲੇ ਤਾਂ ਪੰਜਾਬ ਤੋਂ ਪਾਣੀ ਖੋਹ ਲਿਆ ਜਾਂਦਾ ਹੈ ਪਰ ਬਾਰਸ਼ਾਂ ਤੇ ਹੜ੍ਹਾਂ ਵੇਲੇ ਆਖਿਆ ਜਾਂਦਾ ਹੈ ਆਪਣਾ ਪਾਣੀ ਆਪੇ ਸਾਂਭੋ ਤੇ ਸਾਡੇ ਵੱਲ ਆਉਂਦੀਆਂ ਨਹਿਰਾਂ ਦਾ ਪਾਣੀ ਬੰਦ ਕਰ ਦਿਓ। ਇਸੇ ਨੂੰ ਕਹਿੰਦੇ ਹਨ, ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!

ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਹੀ ਕੇਂਦਰੀ ਸਰਕਾਰਾਂ ਪੰਜਾਬ ਨਾਲ ਧਰੋਹ ਕਮਾਉਂਦੀਆਂ ਆ ਰਹੀਆਂ ਹਨ। ਪਹਿਲਾਂ ਪੰਜਾਬ ਨੂੰ ਪੰਜਾਬੀ ਬੋਲਦੇ ਪੂਰੇ ਇਲਾਕੇ ਨਾ ਦਿੱਤੇ, ਫਿਰ ਰਾਜਧਾਨੀ ਚੰਡੀਗੜ੍ਹ ਨੱਪ ਲਈ, ਭਾਖੜਾ ਡੈਮ ਦਾ ਪ੍ਰਬੰਧਕੀ ਅਧਿਕਾਰ ਵੀ ਖੋਹ ਲਿਆ, ਸੰਵਿਧਾਨ ਵਿਚ ਦਿੱਤੇ ਰਾਜ ਅਧਿਕਾਰ ਛਿੱਕੇ ਟੰਗ ਦਿੱਤੇ, ਟੈਕਸਾਂ ਦੇ ਅਧਿਕਾਰ ਦੀ ਕਾਣੀ ਵੰਡ ਕੀਤੀ, ਗੱਲ ਕੀ ਪੰਜਾਬ ਨੂੰ ਚੂੰਡਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਹੁਣ ਨਾ ਪੰਜਾਬ ਕੋਲ ਆਪਣੀ ਖੇਤੀਬਾੜੀ ਦੀਆਂ ਫਸਲਾਂ ਦੇ ਵਪਾਰ ਦਾ ਸੁਤੰਤਰ ਅਧਿਕਾਰ ਹੈ ਤੇ ਨਾ ਆਪਣੀ ਸਿੱਖਿਆ ਦੇਣ ਦਾ ਸੁਤੰਤਰ ਅਧਿਕਾਰ। ਹੋਰ ਤਾਂ ਹੋਰ ਪੰਜਾਬੀਆਂ ਦੇ ਆਪਣੇ ਸਭਿਆਚਾਰ ਦੀਆਂ ਰਹੁਰੀਤਾਂ ਦਾ ਅਧਿਕਾਰ ਵੀ ਕੇਂਦਰ ਸਰਕਾਰ ਹੜੱਪਣ ਨੂੰ ਫਿਰਦੀ ਹੈ।

ਪੰਜਾਬੀਆਂ ਨੂੰ ਤਾਂ ਅਜੇ ਤਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇ ਪਾਣੀਆਂ 'ਚ ਉਮਰਾਂ ਗਾਲ਼ੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।

ਪੱਛਮੀ ਪੰਜਾਬ ਵਿਚੋਂ ਪੰਜਾਹ ਲੱਖ ਹਿੰਦੂ ਸਿੱਖ ਵਸਦੇ ਰਸਦੇ ਘਰਾਂ 'ਚੋਂ ਉੱਜੜ ਕੇ ਮਰਦੇ ਖਪਦੇ ਤੇ ਅਸਮਤਾਂ ਲੁਟਾਉਂਦੇ ਹੋਏ ਭਾਰਤ ਵਿਚ ਆਏ ਸਨ। ਘੱਟੋਘੱਟ ਦਸ ਲੱਖ ਪੰਜਾਬੀ ਅਨਿਆਈਮੌਤੇ ਮਾਰੇ ਗਏ। ਹਮਦਰਦੀ ਵਿਚ ਕੇਂਦਰੀ ਸਰਕਾਰਾਂ ਨੇ ਕੀ ਦਿੱਤਾ ਪੰਜਾਬੀਆਂ ਨੂੰ? ਉਲਟਾ ਲਾਹੌਰ, ਫਿਰ ਸ਼ਿਮਲੇ ਤੇ ਚੰਡੀਗੜ੍ਹ ਦੀ ਰਾਜਧਾਨੀ ਤੋਂ ਵੀ ਪੰਜਾਬੀਆਂ ਨੂੰ ਵਿਰਵੇ ਕਰ ਦਿੱਤਾ। ਇਕਰਾਰ ਸੀ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ। ਕਿਥੇ ਗਏ ਉਹ ਇਕਰਾਰ? ਉਲਟਾ ਹਰਿਆਣੇ ਨੂੰ ਚੰਡੀਗੜ੍ਹ 'ਚ ਇਕ ਹੋਰ ਵਿਧਾਨ ਸਭਾ ਉਸਾਰਨ ਲਈ ਦਸ ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਹ ਗੁੱਝੀ ਚਾਲ ਹੈ ਜਿਸ ਨਾਲ ਨਾ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ ਤੇ ਨਾ ਕਦੇ ਪੰਜਾਬ ਨੂੰ ਚੰਡੀਗੜ ਦਿੱਤਾ ਜਾਵੇਗਾ। ਇਹ ਮਿਲਿਆ ਹੈ ਦੇਸ਼ ਦੀ ਆਜ਼ਾਦੀ ਤੇ ਰਾਖੀ ਕਰਨ ਲਈ ਪੰਜਾਬੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਨਾਮ!

ਪੰਜਾਬੀਆਂ ਨੇ 'ਆਜ਼ਾਦੀ' ਦੀ ਕੀਮਤ ਤਾਰਦਿਆਂ ਪੱਛਮੀ ਪੰਜਾਬ 'ਚ 67 ਲੱਖ ਏਕੜ ਜ਼ਮੀਨ ਛੱਡੀ ਸੀ ਜਿਸ ਵਿਚ ਬਹੁਤੀ ਸੇਂਜੂ ਸੀ। ਉਹਦੇ ਬਦਲੇ ਪੂਰਬੀ ਪੰਜਾਬ 'ਚ 47 ਲੱਖ ਏਕੜ ਜ਼ਮੀਨ ਮਿਲੀ ਜਿਸ ਵਿਚ ਬਹੁਤੀ ਬਰਾਨੀ ਸੀ। ਦੂਹਰਾ ਘਾਟਾ ਸੀ। ਜੋ ਵਣਜ ਵਪਾਰ, ਦੁਕਾਨਾਂ ਤੇ ਘਰਬਾਰ ਓਧਰ ਛੱਡਿਆ, ਏਧਰ ਉਹਦਾ ਅੱਧਾ ਵੀ ਨਹੀਂ ਮਿਲਿਆ। ਪਰ ਪੰਜਾਬੀ ਫਿਰ ਵੀ ਆਪਣੀ ਹਿੰਮਤ ਤੇ ਮਿਹਨਤ ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਏ। ਮਤਰੇਈ ਮਾਂ ਵਾਲਾ ਸਲੂਕ ਕਰਨ ਵਾਲੀਆਂ ਕੇਂਦਰੀ ਸਰਕਾਰਾਂ ਨੇ ਕਦੇ ਵੀ ਪੰਜਾਬ ਲਈ ਖੁੱਲ੍ਹਦਿਲੀ ਤੇ ਦਿਆਲਤਾ ਨਹੀਂ ਵਿਖਾਈ। ਪਰ ਆਫਰੀਨ ਪੰਜਾਬੀਆਂ ਦੇ ਕਿ ਉੱਜੜ ਪੁੱਜੜ ਜਾਣ ਦੇ ਬਾਵਜੂਦ ਉਹ ਕਦੇ ਭਿਖਾਰੀ ਨਹੀਂ ਬਣੇ। ਵੈਸੇ ਕੇਂਦਰ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਕੇਂਦਰ ਕਦੇ ਗਿਣਾਵੇ ਤਾਂ ਸਹੀ ਕਿ ਉਸ ਨੇ ਪੰਜਾਬ ਨੂੰ ਦਿੱਤਾ ਹੀ ਕੀ ਹੈ? ਉਲਟਾ ਪੰਜਾਬੀ ਗਿਣਾ ਸਕਦੇ ਹਨ ਕਿ ਕਿਵੇਂ ਉਨ੍ਹਾਂ ਨੇ ਭੁੱਖੇ ਭਾਰਤ ਦਾ ਢਿੱਡ ਭਰਿਆ, ਸਰਹੱਦਾਂ ਦੀ ਰਾਖੀ ਕਰਦਿਆਂ ਬੇਅੰਤ ਲਹੂ ਡੋਲ੍ਹਿਆ ਤੇ ਸਭਨਾਂ ਤੋਂ ਵੱਧ ਸਿਰ ਦਿੱਤੇ।

ਪਤਾ ਨਹੀਂ ਅਜੇ ਪੰਜਾਬ ਨੇ ਕੇਂਦਰ ਦੇ ਹੋਰ ਕਿਹੜੇ ਕਿਹੜੇ ਧੱਕੇ ਸਹਿਣੇ ਤੇ ਪੰਜਾਬ ਦਾ ਕੀ ਕੁਝ ਹੋਰ ਖੋਹਿਆ ਜਾਣਾ ਹੈ? ਅਜੋਕੇ ਹਾਲਾਤ ਵੇਖ ਲਓ। ਹਾਲਾਂਕਿ ਪੰਜਾਬ 'ਚ ਕੋਈ ਬਹੁਤੇ ਮੀਂਹ ਨਹੀਂ ਪਏ। ਪਰ ਪਹਾੜਾਂ 'ਤੇ ਹੋਈ ਭਾਰੀ ਬਾਰਸ਼ ਨੇ ਪੰਜਾਬ ਦੇ ਦਰਿਆਵਾਂ ਤੇ ਨਦੀਆਂ ਨਾਲਿਆਂ ਰਾਹੀਂ ਅਜਿਹੀ ਤਬਾਹੀ ਲਿਆਂਦੀ ਜੋ ਕਿਸੇ ਦੇ ਚਿੱਤ-ਚੇਤੇ ਨਹੀਂ ਸੀ। ਖੜ੍ਹੇ ਪੈਰ ਪੰਜਾਬ ਦਾ ਅਰਬਾਂ ਖਰਬਾਂ ਦਾ ਨੁਕਸਾਨ ਹੋ ਗਿਆ। ਕੀ ਕੇਂਦਰ ਸਰਕਾਰ ਖੁੱਲ੍ਹੇ ਦਿਲ ਨਾਲ ਪੰਜਾਬ ਦੀ ਆਰਥਿਕ ਮਦਦ ਕਰੇਗੀ ਤੇ ਵਿਸ਼ੇਸ਼ ਆਰਥਿਕ ਪੈਕਟ ਦੇਵੇਗੀ? ਕੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਬਿਨਾਂ ਦੇਰ ਕੀਤੇ ਮੋੜੇਗੀ? ਪੰਜਾਬੀ ਬੋਲਦੇ ਬਾਹਰ ਰੱਖ ਲਏ ਗਏ ਇਲਾਕੇ ਪੰਜਾਬ ਨੂੰ ਪਰਤਾਏਗੀ? ਪੰਜਾਬ ਦੇ ਸੰਵਿਧਾਨਕ ਅਧਿਕਾਰ ਬਹਾਲ ਕਰੇਗੀ? ਵੱਡੀ ਸਨਅਤ ਖ਼ਾਸ ਕਰ ਐਗਰੋ-ਇੰਡਸਟਰੀ ਸਥਾਪਿਤ ਕਰਨ ਵਿਚ ਕਿੰਨੀ ਕੁ ਸਹਾਇਤਾ ਕਰੇਗੀ? ਪੰਜਾਬ ਦਾ ਵਪਾਰ ਪੰਜਾਬ ਦੇ ਨਾਲ ਲੱਗਦੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸ਼ੁਰੂ ਕਰਨ ਦੀ ਹਰੀ ਝੰਡੀ ਦੇਵੇਗੀ? ਪੰਜਾਬ ਦੇ ਦਰਿਆਈ ਪਾਣੀ ਵਰਤਣ ਵਾਲੇ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਦੁਆਏਗੀ? ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ 'ਚ ਪੰਜਾਬ ਦੀ ਕਿੰਨੀ ਮਦਦ ਕਰੇਗੀ ਤੇ ਕਰਵਾਏਗੀ? ਸ਼ੁਕਰ ਹੈ ਪਾਕਿਸਤਾਨ ਨੇ ਹੜ੍ਹ ਦਾ ਪ੍ਰਕੋਪ ਮੱਠਾ ਕਰਨ ਲਈ ਸੁਲੇਮਾਨਕੀਹੈੱਡ ਵਰਕਸ ਦੇ ਸਾਰੇ ਗੇਟ ਖੋਲ੍ਹ ਕੇ ਪੂਰਬੀ ਪੰਜਾਬ ਦੇ ਅੱਧੇ ਮਾਲਵੇ ਨੂੰ ਡੁੱਬਣੋਂ ਤੇ ਰੁੜ੍ਹਨੋਂ ਬਚਾ ਲਿਆ। ਆਪਣੇ ਪਿੰਡਾਂ ਦਾ ਨੁਕਸਾਨ ਕਰਵਾ ਲਿਆ। ਪਰ ਏਧਰ ਕੇਂਦਰ ਦੇ ਕਾਰਕੁਨਾਂ ਨੂੰ ਅਜੇ ਚਾਲੀ ਪੰਜਾਹ ਫੁੱਟ ਊਣੇ ਭਾਖੜੇ ਡੈਮ ਦੇ ਗੇਟ ਖੋਲ੍ਹਣ ਦੀ ਕਾਹਲੀ ਪਈ ਹੋਈ ਸੀ ਤਾਂ ਕਿ ਪੰਜਾਬ ਦਾ ਕੋਈ ਵੀ ਪਿੰਡ ਡੁੱਬਣੋਂ ਨਾ ਬਚਜੇ!

ਮਾਮੂਲੀ ਗੱਲਾਂ 'ਤੇ ਆਪਸ ਵਿਚ ਖਹਿਬੜਦੇ ਸਿਆਸਤਦਾਨੋ, ਕੋਝੀਆਂ ਸਿਆਸਤਾਂ ਛੱਡ ਦਿਓ ਹੁਣ। ਪੰਜਾਬ ਦੇ ਹਰੇਕ ਵਾਸੀ, ਰਾਜਸੀ ਪਾਰਟੀਆਂ, ਬੁਧੀਮਾਨਾਂ, ਕਿਸਾਨਾਂ, ਮਜਦੂਰਾਂ, ਕਾਰੋਬਾਰੀਆਂ ਤੇ ਪੰਜਾਬ ਦੀਆਂ ਸਮੇਂ ਸਮੇਂ ਬਣਦੀਆਂ ਸਰਕਾਰਾਂ ਦੇ ਜਾਗਣ ਦਾ ਵੇਲਾ ਹੈ। ਜਾਗੋ ਤੇ ਹੋਰ ਲੁੱਟੇ ਜਾਣ ਤੋਂ ਬਚੋ! ਅੱਖਾਂ ਖੋਲ੍ਹੋ ਤੇ ਵੇਖੋ ਕਿ ਕੌਣ ਤੁਹਾਡਾ ਦਰਦੀ ਹੈ ਤੇ ਕੌਣ ਬੇਦਰਦ? ਜਿਹੜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇ ਹਨ, ਪੰਜਾਬ ਦਾ ਲੱਖਾਂ ਕਰੋੜਾਂ ਟਨ ਅਨਾਜ ਤੇ ਹੋਰ ਫਸਲਾਂ ਭੋਂ ਦੇ ਭਾਅ ਲੁੱਟਦੇ ਹਨ, ਪਰ ਪੰਜਾਬ ਸਿਰ ਪਈ ਬਿਪਤਾ ਸਮੇਂ ਅੱਖਾਂ ਫੇਰ ਲੈਂਦੇ ਹਨ, ਕੀ ਉਹ ਪੰਜਾਬ ਨੂੰ ਆਪਣੀ ਜਰਖਰੀਦ ਬਸਤੀ ਸਮਝਦੇ ਹਨ? ਹਾਲ ਦੀ ਘੜੀ ਤਾਂ ਹਕੀਕਤ ਇਹੋ ਹੈ ਕਿ ਕੇਂਦਰੀ ਹਾਕਮਾਂ ਨੂੰ ਪੰਜਾਬ ਨਾਲੋਂ ਦਿੱਲੀ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਹਿਤ ਵਧੇਰੇ ਪਿਆਰੇ ਹਨ। ਬਾਰਡਰ ਦੇ ਸਤਾਏ ਪੰਜਾਬ ਦਾ ਕੀ ਐ? ਰੁੜ੍ਹਦਾ ਹੈ ਤਾਂ ਪਿਆ ਰੁੜ੍ਹੀ ਜਾਵੇ, ਗਰਕਦਾ ਤਾਂ ਪਿਆ ਗਰਕੀ ਜਾਵੇ!

# ਕੈਲਗਰੀ ਵਿਖੇ ਬਹੁਤ ਹੀ ਸ਼ਾਨੋ ਸ਼ੌਕਤ ਦੇ ਨਾਲ ਚਾਰ ਗੁਰਮਤਿ ਕੈਂਪ ਲਾਏ ਗਏ

## ਮਾਪਿਆਂ ਵੱਲੋਂ ਦਿੱਤੀ ਫੀਡਬੈਕ ਕਿ ਸਾਡੇ ਬੱਚਿਆਂ ਅੰਦਰ ਕਮਾਲ ਦਾ ਚੰਗਾ ਬਦਲਾਵ ਹੋ ਰਿਹਾ ਹੈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਅਲਬਰਟਾ ਦੇ ਕੈਲਗਰੀ ਸਹਿਰ ਵਿੱਚ 3515 32 ਸਟਰੀਟ ਨੌਰਥ ਈਸਟ ਵਿਖੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵਿਖੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਚਾਰ ਕੈਂਪ ਲਾਏ ਗਏ। ਕੈਲਗਰੀ ਦੇ ਪਰਿਵਾਰਾਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਆਪਣੇ ਬੱਚਿਆਂ ਨੂੰ ਇਹਨਾਂ ਕੈਂਪਾਂ ਵਿੱਚ ਭੇਜਿਆ। ਸਾਰੇ ਮਾਪਿਆਂ ਦੀ ਇਹ ਫੀਡਬੈਕ ਆਈ ਕਿ ਜਦੋਂ ਅਸੀਂ ਆਪਣੇ ਬੱਚਿਆਂ ਹੋਰ ਸਾਰੇ ਪਾਸੇ ਗੁਰਮਤਿ ਕਲਾਸਾਂ ਜਾਂ ਕੈਂਪਾਂ ਵਿੱਚ ਭੇਜਦੇ ਸੀ ਤਾਂ ਉੱਥੋਂ ਦੇ ਬਾਕੀ ਬੱਚਿਆਂ ਦਾ ਮਹੌਲ ਕਬੂਲ ਕੇ ਸਾਡੇ ਬੱਚੇ ਬੱਚੇ ਦਿਨ ਬ ਦਿਨ ਸ਼ਰਾਰਤੀ ਅਤੇ ਚਿੜਚਿੜੇ ਹੁੰਦੇ ਸਨ। ਪਰ ਜਦੋਂ ਤੋਂ ਅਸੀਂ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵਿੱਚ ਭੇਜਣਾ ਸ਼ੁਰੂ ਕੀਤਾ ਹੈ ਤਾਂ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਤਿਆਰ ਕੀਤਾ ਸਿਲੇਬਸ ਦੇ ਪ੍ਰਭਾਵ ਸਦਕਾ ਜੋ ਚੰਗੀਆਂ ਚੰਗੀਆਂ ਆਦਤਾਂ ਦਾ ਚੰਗਾ ਬਦਲਾਵ ਸਾਡੇ ਬੱਚਿਆਂ ਵਿੱਚ ਅਸੀਂ ਦੇਖਿਆ ਹੈ ਉਹ ਸਾਡੀ ਸੋਚ ਤੋਂ ਕਿਤੇ ਪਰ੍ਹੇ ਹੈ। ਉਸ ਸਮੇਂ ਬਹੁਤ ਹੀ ਦਿਲਚਸਪ ਨਜ਼ਾਰਾ ਮਹਿਸੂਸ ਹੁੰਦਾ ਸੀ ਜਦੋਂ ਹਰੇਕ ਵੀਕਐਂਡ ਤੇ ਕਲਾਸਾਂ ਲਾਉਣ ਵਾਲੇ ਬੱਚਿਆਂ ਵਿੱਚੋਂ ਗਿਆਨੀ ਰਾਮ ਸਿੰਘ ਵੱਲੋਂ ਤਿਆਰ ਕੀਤੇ ਨੰਨੇ




ਟੀਚਰ ਜਸਲੀਨ ਕੌਰ ਅਤੇ ਨਵਨੂਰ ਕੌਰ ਬਾ-ਕਮਾਲ ਪ੍ਰਜੈਂਟੇਸ਼ਨ ਦੇ ਰਹੇ ਸਨ ਤਾਂ ਉਹਨਾਂ ਦੇ ਪੜ੍ਹਾਉਣ ਦੇ ਵਿਲੱਖਣ ਤਰੀਕੇ ਨੂੰ ਦੇਖ ਹਰ ਕੋਈ ਦੰਗ ਰਹਿ ਜਾਂਦਾ ਸੀ।

ਇਸ ਵਾਰੀ ਗਰਮੀਆਂ ਦੀਆਂ ਛੁੱਟੀਆਂ ਵਿੱਚ ਲਾਏ ਗਏ ਚਾਰ ਕੈਂਪਾਂ ਗੁਰੂ ਸਾਹਿਬਾਨਾਂ ਜੀ ਦੀ ਅਨਮੋਲ ਕੀਮਤੀ ਵਿਰਾਸਤ, ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਬਣੇ ਹੋਏ ਪੰਜ ਕਿਲ੍ਹੇ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਪੰਜ ਸਰੋਵਰ ਅਤੇ ਗੁਰੂ ਸਾਹਿਬਾਨਾਂ ਵੱਲੋਂ ਵਸਾਏ ਗਏ ਪੰਜ ਪ੍ਰਸਿੱਧ ਸ਼ਹਿਰਾਂ ਵਾਰੇ, ਆਦਰਸ਼ ਗੁਰਸਿੱਖ ਬਨਣ ਦਾ ਉਦੇਸ਼, ਅਜੋਕੇ ਸਮੇਂ ਦੀਆਂ ਵਿਸ਼ਵ ਪ੍ਰਸਿੱਧ ਸਿੱਖ ਸਖਸ਼ੀਅਤਾਂ ਅਤੇ ਗੁਰੂ ਸਾਹਿਬ ਜੀ ਦੇ ਪਰਿਵਾਰਿਕ ਮੈਂਬਰ ਬਾਰੇ ਬਾ-ਕਮਾਲ ਸਲਾਈਡ ਸ਼ੋਅ ਪੇਸ਼ ਕੀਤੇ ਗਏ। ਜਦੋਂ ਸਕਰੀਨ ਤੋਂ ਸਲਾਈਡ ਸ਼ੋਅ ਦੇਖਣ ਦੇ ਨਾਲ ਨਾਲ ਦਿੱਤੀ ਗਈ ਵਰਕ ਸ਼ੀਟ ਤੇ ਲਿਖੇ ਸਵਾਲਾਂ ਦੇ ਜਵਾਬ ਬੱਚੇ ਨਾਲੋ ਨਾਲ ਸਲਾਈਡ ਸ਼ੋਅ ਵਿੱਚੋਂ ਲੱਭ ਕੇ ਲਿਖਦੇ ਸਨ ਮਾਪੇ ਆਪਣੇ ਬੱਚਿਆਂ ਦੀ ਪ੍ਰਤੀਭਾ ਦੇਖ ਕੇ ਹੈਰਾਨ ਹੋ ਰਹੇ ਸਨ। ਇਸ ਤੋਂ ਇਲਾਵਾ ਧਾਰਮਿਕ ਲਘੂ ਫਿਲਮਾਂ, ਡਿਸਕਸ਼ਨ ਅਤੇ ਮਨੋਰੰਜਨ ਲਈ ਇਨਡੋਰ ਗੇਮਾਂ ਵੀ ਕਰਵਾਈਆਂ ਗਈਆਂ। ਹਰ ਦਿਨ ਉਹਨਾਂ ਨੂੰ ਪੀਜਾ ਅਤੇ ਸਬ ਆਦਿ ਲੰਗਰ ਵੀ ਵਰਤਾਇਆ ਗਿਆ।

ਗੁਰਸਿੱਖ ਪਰਿਵਾਰਾਂ ਦੇ ਉਤਸ਼ਾਹ ਅਤੇ ਉਹਨਾਂ ਦੀ ਵਿਸ਼ੇਸ਼ ਪੁਰਜ਼ੋਰ ਮੰਗ ਅਨੁਸਾਰ ਇੱਕ ਸਤੰਬਰ 2023 ਤੋਂ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਸੁਪਰਸਟੋਰ ਦੇ ਕੋਲ ਵੈਸਵਿੰਡ ਵਿੱਚ ਮੂਵ ਹੋ ਰਿਹਾ ਹੈ। ਅਜੋਕੇ ਸਮੇਂ ਵਿੱਚ ਦਿਨ ਬ ਦਿਨ ਵੱਧ ਰਹੀਆਂ ਸਮਾਜਿਕ ਬੁਰਿਆਈਆਂ ਤੋਂ ਸਾਡੀ ਨਵੀਂ ਪੀੜ੍ਹੀ ਨੂੰ ਬਚਾਉਣ ਲਈ ਅਤੇ ਉਹਨਾਂ ਨੂੰ ਗੁਰੂ ਵਿਰਸੇ ਦਾ ਅਨਮੋਲ ਖਜ਼ਾਨਾਂ ਵੰਡਣ ਵਾਸਤੇ ਇਹੋ ਜਿਹੇ ਉਪਰਾਲਿਆਂ ਲਈ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣਾ ਚਾਹੀਦਾ ਹੈ। ਇਸ ਲਰਨਿੰਗ ਸੈਂਟਰ ਵਿੱਚ ਔਨਲਾਈਨ ਅਤੇ ਇਨਪਰਸਨ (ਦੋਵੇਂ ਤਰਾਂ ਦੀਆਂ) ਕਲਾਸਾਂ ਚੱਲਦੀਆਂ ਹਨ। ਬਹੁਤ ਹੀ ਵਿਲੱਖਣ ਤਰੀਕੇ ਨਾਲ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ ਅਤੇ ਉਹਨਾਂ ਨੂੰ ਫੈਮਿਲੀ ਮੈਰਨਸ ਵੀ ਸਿਖਾਏ ਜਾਂਦੇ ਹਨ। ਮਾਪਿਆਂ ਦੇ ਆਗਿਆਕਾਰੀ ਬਨਣ ਲਈ ਵਿਸ਼ੇਸ਼ ਉਤਸਾਹਿਤ ਕਤਿਾ ਜਾਂਦਾ ਹੈ। ਇਹਨਾਂ ਬਾਰੇ ਜਾਣਕਾਰੀ ਲੈਣ ਲਈ ਫੋਨ ਨੰਬਰ 639-590-4464 ਰਾਹੀਂ ਜਾਂ ਈ ਮੇਲ ਸਿੱਖਵੈਲਿਯੂਸ ਐਟ ਜੀਮੇਲ ਡੌਟ ਕੌਮ ਰਾਹੀਂ ਅਤੇ ਵੈੱਬਸਾਈਟ ਸਿੱਖਮਿਊਨਿਟੀ ਡੌਟ ਨੈੱਟ ਤੇ ਜਾ ਕੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਲਗਰੀ ਦੇ ਬਾਬਿਆਂ ਨੇ ਵਾਟਰਟਨ ਪਾਰਕ ਦਾ ਟੂਰ ਲਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਸੀਨੀਅਰ ਸੋਸਾਇਟੀ ਆਫ ਅਲਬਰਟਾ ਵੱਲੋਂ ਇਸ ਮਹੀਨੇ ਆਯੋਜਿਤ ਪ੍ਰੋਗਰਾਮਾਂ ਦੌਰਾਨ ਕਨੇਡਾ ਡੇ ਮਨਾਇਆ ਗਿਆ ਅਤੇ ਮੈਂਬਰਾਂ ਨੂੰ ਇੱਕ ਟੂਰ ਵੀ ਲਗਵਾਇਆ ਗਿਆ। ਜੁਲਾਈ ਮਹੀਨਾਂ ਕੈਲਗਰੀ ਵਿੱਚ ਭਰਪੂਰ ਰੌਣਕਾਂ ਵਾਲਾ ਹੁੰਦਾ ਹੈ ਜਿਸ ਦੀ ਸ਼ੁਰੂਆਤ ਕਨੇਡਾ ਡੇ ਮਨਾਉਣ ਨਾਲ



ਹੀ ਹੋ ਜਾਂਦੀ ਹੈ ਤੇ ਉਸ ਤੋਂ ਬਾਦ ਕੈਲਗਰੀ ਸਟੈਂਪੀਡ ਦਾ ਮੇਲਾ ਸ਼ੁਰੂ ਹੋ ਜਾਂਦਾ ਹੈ। ਇਸੇ ਸੰਬੰਧ ਵਿੱਚ 3 ਜੁਲਾਈ ਵਾਲੇ ਦਿਨ ਸੋਸਾਇਟੀ ਦੇ ਦਫ਼ਤਰ ਵਿੱਚ ਸਮੂਹ ਮੈਂਬਰਾਂ ਨੇ ਇਕੱਤਰ ਹੋ ਕੇ ਕਨੇਡਾ ਡੇ ਦੇ ਇਤਿਹਾਸ ਅਤੇ ਅਜੋਕੇ ਸਮੇਂ ਦੇ ਹਾਲਾਤ ਉੱਪਰ ਵਿਚਾਰ ਚਰਚਾ ਕੀਤੀ। ਗੁਰਬਚਨ ਸਿੰਘ ਬਰਾੜ ਨੇ ਕੈਨੇਡਾ ਡੇ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਕਿਵੇਂ ਫ਼ਰਾਂਸੀਸੀ, ਪੁਰਤਗਾਲੀ ਤੇ ਹੋਰ ਕੁੱਝ ਦੇਸ਼ਾਂ ਦੇ ਲੋਕਾਂ ਨੇ ਇੱਥੇ ਆ ਕੇ ਆਪਣਾ ਕਬਜ਼ਾ ਜਮਾਇਆ ਤੇ ਆਪਸੀ ਲੜਾਈਆਂ ਵੀ ਜਾਰੀ ਰਹੀਆਂ। ਆਖ਼ਰਕਾਰ ਬ੍ਰਿਟੇਨ ਸਾਮਰਾਜ ਦਾ ਸ਼ਾਸਨ ਪਹਿਲੀ ਜੁਲਾਈ 1867 ਨੂੰ ਐਲਾਨੀਆਂ ਤੌਰ ਤੇ ਸਮਾਪਤ ਹੋਇਆ ਪਰ ਅਸਿੱਧੇ ਤੌਰ ਤੇ 1982 ਤੱਕ ਚੱਲਦਾ ਵੀ ਰਿਹਾ। ਪਿਛਲੇ ਸਮੇਂ ਦੌਰਾਨ ਵੱਖ ਵੱਖ ਸਰਕਾਰਾਂ ਵੱਲੋਂ ਇਸ ਦੇਸ਼ ਦੇ ਮੂਲ ਨਿਵਾਸੀਆਂ ਨਾਲ ਬੁਰਾ ਵਤੀਰਾ ਅਖਤਿਆਰ ਕੀਤਾ ਜਾ ਰਿਹਾ ਹੈ, ਉਸ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਗਲੋਬਲ ਪ੍ਰਵਾਸੀ ਸੁਸਾਇਟੀ ਦੇ ਪ੍ਰਧਾਨ ਸੱਤਪਾਲ ਕੌਸ਼ਲ ਨੇ ਸੀਨੀਅਰਜ਼ ਲਈ ਸਰਕਾਰ ਪਾਸੋਂ ਬਣਦੇ ਲਾਭ ਹਾਸਲ ਕਰਨ ਦੇ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਬਿੱਕਰ ਸਿੰਘ ਸੰਧੂ ਨੇ ਸੋਸਾਇਟੀ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਦੱਸਿਆ। ਸਟੇਜ ਦਾ ਸੰਚਾਲਨ ਜ਼ੀਰ ਸਿੰਘ ਬਰਾੜ ਨੇ ਬਹੁਤ ਹੀ ਰੌਚਿਕ ਸ਼ਬਦਾਵਲੀ ਦੁਆਰਾ ਕੀਤਾ। ਅੰਤ ਵਿੱਚ ਸਭਾ ਦੇ ਪ੍ਰਧਾਨ ਗੁਰਬਖਸ਼ ਸਿੰਘ ਜੱਸਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਜਿਸ ਉਪਰੰਤ ਚਾਹ ਮਠਿਆਈ ਤੇ ਪਕੌੜਿਆਂ ਦਾ ਅਨੰਦ ਮਾਣਿਆ ਗਿਆ। 8 ਜੁਲਾਈ ਨੂੰ ਇਸ ਸੁਸਾਇਟੀ ਦੇ ਮੈਂਬਰਾਂ ਲਈ ਵਾਟਰਟਨ ਪਾਰਕ ਦੇ ਟੂਰ ਦਾ ਪ੍ਰਬੰਧ ਕੀਤਾ ਗਿਆ। ਇਸ ਟੂਰ ਦੇ ਇੰਤਜ਼ਾਮ ਦੀ ਡਿਊਟੀ ਬਿੱਕਰ ਸਿੰਘ ਸੰਧੂ ਨੇ ਬੜੀ ਜ਼ਿਮੇਵਾਰੀ ਨਾਲ ਨਿਭਾਈ ਤੇ ਜਾਣ ਆਉਣ ਲਈ ਉਨ੍ਹਾਂ ਨੇ ਬੱਸ ਦਾ ਪ੍ਰਬੰਧ ਕੀਤਾ। ਸੋਸਾਇਟੀ ਦੇ 50 ਤੋਂ ਵੱਧ ਮੈਂਬਰਾਂ ਨੂੰ ਲੈ ਕੇ ਇਹ ਬੱਸ ਸਵੇਰੇ 9 ਵਜੇ ਤੋਂ ਪਹਿਲਾਂ ਹੀ ਰਵਾਨਾ ਹੋ ਗਈ। ਰਸਤੇ ਵਿੱਚ ਕੁੱਝ ਸਮਾਂ ਰੁਕ ਕੇ ਚਾਹ ਕੌਫ਼ੀ ਮੈਂਬਰਾਂ ਨੂੰ ਪਿਆਈ ਗਈ ਤੇ ਫ਼ਲ ਵੀ ਖਾਣ ਨੂੰ ਦਿੱਤੇ ਗਏ। ਵਾਟਰਟਨ ਪਹੁੰਚ ਕੇ ਸਾਰੇ ਮੈਂਬਰਾਂ ਨੇ ਦੁਪਹਿਰ ਦੇ ਖਾਣੇ ਦਾ ਅਨੰਦ ਮਾਣਿਆ। ਉਸ ਦਿਨ ਮੌਸਮ ਬਹੁਤ ਸੁਹਾਵਣਾ ਸੀ ਤੇ ਸਭ ਨੇ ਪਾਰਕ ਅੰਦਰ ਘੁੰਮ ਫ਼ਿਰ ਕੇ ਵਧੀਆ ਸਮਾਂ ਬਤੀਤ ਕੀਤਾ। ਸੋਸਾਇਟੀ ਦੇ ਮੈਂਬਰਾਂ ਲਈ ਇਹ ਟੂਰ ਆਪਣੀਆਂ ਨਿਵੇਕਲੀਆਂ ਯਾਦਾਂ ਛੱਡ ਗਿਆ। ਖਾਣ ਪੀਣ ਦੇ ਪ੍ਰਬੰਧ ਲਈ ਜੋਗਿੰਦਰ ਸਿੰਘ, ਬਲਦੇਵ ਸਿੰਘ, ਸੁਖਦੇਵ ਸਿੰਘ, ਪਹਾੜਾ ਸਿੰਘ ਸਮੇਤ ਕਈ ਮੈਂਬਰਾਂ ਨੇ ਵਲੰਟੀਅਰ ਸੇਵਾਵਾਂ ਕੀਤੀਆਂ।




# ਹੀਰ ਸਲੇਟੀ ਅਤੇ ਰਾਂਝਾ ਚਾਕ,ਇਹ ਦੋਵੇਂ ਨਾਂ ਕਿਵੇਂ ਰੱਖੇ ਗਏ ?

ਪੰਜਾਬੀ ਕਿੱਸਾ-ਕਾਵਿ ਪੰਜਾਬੀ ਦੇ ਪਰੰਪਰਿਕ ਸ਼ਬਦਾਂ ਦਾ ਖਜ਼ਾਨਾ ਐ, ਇਹਨਾਂ ਵਿੱਚੋਂ ਬਹੁਤੇ ਸ਼ਬਦ ਸਾਡੀ ਜ਼ੁਬਾਨ ਵਿੱਚੋਂ ਮਨਫੀ ਹੁੰਦੇ ਜਾਂਦੇ ਹਨ। ਇਸੇ ਕਰਕੇ ਅੱਜ ਉਹ ਸੁਆਲ ਬਣਕੇ ਉਭਰਦੇ ਨੇ। ਕਿੱਸਾ-ਕਾਵਿ ਇਹਨਾਂ ਸ਼ਬਦਾਂ ਦਾ ਬੈਂਕ ਹੈ, ਜੋ ਸੁਹਿਰਦ ਪੰਜਾਬੀ ਆਪਣੀ ਬੋਲੀ ਨੂੰ ਸੰਭਾਲਣ ਦੇ ਯਤਨਾਂ ਵਿੱਚ ਹਨ ਉਹਨਾਂ ਲਈ ਇਹ ਬੈਂਕ ਰੂਪੀ ਕਿੱਸਾ-ਕਾਵਿ ਹਮੇਸ਼ਾ ਸਹਾਈ ਹੋਵੇਗਾ।

ਇੱਕ ਦਿਨ ਮੈਂ ਜਸਵਿੰਦਰ ਭੱਲੇ ਦਾ ਇੱਕ ਪੁਰਾਣਾ ਛਣਕਾਟਾ ਸੁਣ ਰਿਹਾ ਸੀ ਉਸ ਵਿੱਚ ਬਾਲ ਮੁਕੰਦ ਦਾ ਸੁਆਲ ਸੀ ਕਿ ਚਾਚਾ ਇਹ ਹੀਰ ਨੂੰ ਸਲੇਟੀ ਤੇ ਰਾਂਝੇ ਨੂੰ ਚਾਕ ਕਿਉਂ ਆਖਦੇ ਨੇ ?ਭੱਲੇ ਦਾ ਆਪਣੇ ਕਮੇਡੀ ਲਹਿਜੇ ਵਿੱਚ ਜੋ ਜੁਆਬ ਦਿੱਤਾ ਉਹ ਮਹਿਜ ਹਸਾਉਣ ਲਈ ਸੀ।ਪਰ ਇਹ ਸੁਆਲ ਵਾਕਾ ਈ ਬਹੁਤ ਵੱਡਾ ਐ। ਆ- ਇਸਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰੀਏ। ਮਨਵਾਰ ਰਾਜਪੂਤਾਂ ਵਿੱਚੋਂ ਮੁਸਲਮਾਨਾਂ ਦੀ ਇੱਕ ਜਾਤ ਨਿੱਕਲਦੀ ਅ, ਜਿਸਦਾ ਗੋਤ ਐ ਸਿਆਲ। ਲਹਿੰਦੇ ਪੰਜਾਬ ਦੇ ਝੰਗ ਜਿਲ੍ਹੇ ਵਿੱਚ ਸਿਆਲ ਗੋਤ ਅੱਜ ਵੀ ਐ। ਕਿਸੇ ਵੇਲੇ ਇਹ ਸਿਆਲਾਂ ਦਾ ਗੜ੍ਹ ਹੁੰਦਾ ਸੀ। ਸਿਆਲ ਗੋਤ ਦੇ ਗੱਭਰੂਆਂ ਨੂੰ ਤਾਂ ਸਿਆਲ ਆਖਦੇ ਹਨ ਤੇ ਮੁਟਿਆਰਾਂ ਨੂੰ ਸਿਆਲੇਟੀ (ਸਲੇਟੀ), ਸਿਆਲੇਟੀ (ਸਲੇਟੀ) ਸਿਆਲ ਦਾ ਇਸਤਰੀ ਲਿੰਗ ਹੈ।

ਸਿਆਲਾਂ ਦੇ ਚੌਧਰੀ ਚੂਚਕ ਦੀ ਧੀ ਜਿਸ ਦਾ ਨਾਮ ਹੀਰ ਸੀ ਉਸਨੂੰ ਹੀਰ ਸਲੇਟੀ ਕਿਹਾ ਜਾਂਦਾ ਹੈ। ਰਾਂਝਾ ਵੀ ਰਾਜਪੂਤ ਮੁਸਲਮਾਨਾਂ ਦਾ ਗੋਤ ਐ,ਝਨਾਂ ਦੇ ਕਿਨਾਰੇ ਪਿੰਡ ਹਜਾਰੇ ਦੇ ਚੌਧਰੀ ਮੌਜੂ ਦੇ ਅੱਠ ਪੁੱਤਰਾਂ ਚੋਂ ਸਭ ਤੋਂ ਛੋਟਾ ਜਿਸਦਾ ਨਾਮ ਧੀਦੋ ਸੀ,ਧੀਦੋ ਰਾਂਝਾ ਵੱਜੋਂ ਜਾਣਿਆ ਜਾਂਦਾ ਹੈ। ਹੀਰ ਸਲੇਟੀ ਤੇ ਧੀਦੋ ਰਾਂਝੇ ਦੀ ਪ੍ਰੇਮ ਕਹਾਣੀ ਵਿੱਚ ਹੀਰ ਦੇ ਨਿੱਤ ਦੀਦਾਰ ਖਾਤਰ ਚੌਧਰੀ ਚੂਚਕ ਦੇ ਘਰ ਧੀਦੋ ਰਾਂਝੇ ਨੂੰ ਨੌਕਰ ਵੱਜੋਂ ਮੱਝੀਆਂ ਦਾ ਪਾਲੀ ਰਹਿਣਾ ਪਿਆ, ਮੱਝੀਆਂ ਦੇ ਪਾਲੀ ਨੂੰ ਚਾਕਰ (ਚਾਕ) ਕਹਿੰਦੇ ਨੇ,ਜਿਸ ਕਾਰਨ ਧੀਦੋ ਰਾਂਝਾ,,ਧੀਦੋ ਰਾਂਝਾ ਤੋਂ ਰਾਂਝਾ ਚਾਕ ਬਣ ਗਿਆ।

ਮੈਂ ਇਸ ਸੁਆਲ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕੀਤੀ ਐ, ਤੁਸੀਂ ਕਿੱਥੋਂ ਤੀਕ ਸਹਿਮਤ ਹੋ? ਤੁਹਾਨੂੰ ਤਰਕ ਦੇ ਆਧਾਰ ਤੇ ਸਹਿਮਤੀ ਅਸਹਿਮਤੀ ਪ੍ਰਗਟਾਉਣ ਪੂਰਾ ਹੱਕ ਹੈ। ਇੱਕ ਗੱਲ ਹੋਰ ਵੀ ਸਪੱਸ਼ਟ ਕਰ ਦੇਵਾਂ ਕਿ ਮੂਲ ਲਫ਼ਜ਼ ਸਿਆਲ (Sial) ਨਹੀਂ ਬਲਕਿ ਸਯਾਲ (Sayal) ਐ ,, ਸਯਾਲੇਟੀ ਥੋੜ੍ਹਾ ਅੱਖੜਦਾ ਸੀ। ਅਸੀ ਰੰਦਾ ਲਾ ਲਾਕੇ ਸਯਾਲੇਟੀ ਤੋਂ ਸਲੇਟੀ ਕਰ ਲਿਆ।

**************************

ਜਦ ਕੋਈ ਮਾਝੇ ਜਾਂ ਦੁਆਬੇ ਜਾਂ ਪੁਆਧੀ ਮਿੱਤਰ ਮੈਨੂੰ ਮਾਨਸੇ ਵਾਲਾ ਬਾਂਸਲ ਕਹਿ ਕੇ ਬੁਲਾਉਂਦਾ ਹੈ ਤਾਂ ਕੁੱਝ ਅਜੀਬ ਜਿਹਾ ਲੱਗਦੈ, ਬਹੁਤੇ ਲੋਕ ਜਿਹਨਾਂ ਨੂੰ ਇਸ ਇਲਾਕੇ ਬਾਰੇ ਭੂਗੋਲਿਕ ਤੇ ਇਤਿਹਾਸਕ ਜਾਣਕਾਰੀ ਨਹੀਂ ਉਹ ਇਸ ਇਲਾਕੇ ਨੂੰ ਪੰਜਾਬ ਦਾ ਪਛੜਿਆ ਇਲਾਕਾ ਵੀ ਸਮਝਦੇ ਹਨ। ਪਰ ਜਦੋਂ ਤੱਕ ਮੇਰੀ ਘੰਡੀ ਵਿੱਚ ਸਾਹ ਚਲਦੇ ਰਹਿਣਗੇ ਮੈਂ ਆਪਣੇ ਆਪ ਨੂੰ ਅਸ਼ੋਕ ਬਾਂਸਲ ਮਾਨਸਾ ਹੀ ਲਿਖਦਾ ਰਹਾਂਗਾ ਤੇ ਇਸ ਇਲਾਕੇ ਦੀਆਂ ਪ੍ਰਾਪਤੀਆਂ , ਇਸ ਇਲਾਕੇ ਦੀਆਂ ਸ਼ਖਸ਼ੀਅਤਾਂ ਬਾਰੇ ਦੁਨੀਆਂ ਨੂੰ ਜਾਣੂੰ ਕਰਵਾਉਂਦਾ ਰਹਾਂਗਾ।

ਅੱਜ ਮੈਂ ਗੱਲ ਕਰ ਰਿਹਾ ਹਾਂ ਮੇਰੇ ਵਿਦਿਆਰਥੀ ਜੀਵਨ ਦੇ ਸੀਨੀਅਰ ਸਾਥੀ ਦਿਲਾਵਰ ਸਿੰਘ ਚਹਿਲ ਦੀ, ਦਿਲਾਵਰ ਦਾ ਪਿੰਡ ਮਾਨਸਾ ਲਾਗੇ ਹੀਰੋਂ ਹੈ ਤੇ ਵਿਦਿਅਕ ਯੋਗਤਾ ਪੱਖੋਂ ਉਹ ਇੰਜੀਨੀਅਰ ਹੈ। ਉਂਜ 1987 'ਚ ਦਿਲਾਵਰ ਦੁਨੀਆਂ ਦੇ ਥਾਣੇਦਾਰ ਮੁਲਕ ਅਮਰੀਕਾ ਦਾ ਬਸ਼ਿੰਦਾ ਬਣ ਗਿਆ ਸੀ, ਤੇ ਅੱਜਕੱਲ੍ਹ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦਾ ਵਾਸੀ ਐ, ਪਿਛਲੇ ਵਰ੍ਹੇ ਮੇਰੀ ਅਮਰੀਕਾ ਫੇਰੀ ਵੇਲੇ ਦਿਲਾਵਰ ਨੇ ਜੋ ਮਾਣ ਸਤਿਕਾਰ ਕੀਤਾ, ਉਸਦੇ ਸਤਿਕਾਰ ਨੇ ਮੈਨੂੰ ਸੱਤ ਜਨਮਾਂ ਦਾ ਕਰਜਾਈ ਕਰ ਦਿੱਤਾ। ਸੁਭਾਅ ਪੱਖੋਂ ਪਹਿਲੇ ਦਿਨੋਂ ਈ ਧੱਕੜ ਐ, ਅੜਬ ਵੀ ਸਿਰੇ ਦਾ,ਮੂੰਹ ਆਈ ਗੱਲ ਕਹਿਣੋਂ ਕਦੇ ਝਿਜਕਿਆ ਨਹੀਂ, ਈਨ ਕਦੇ ਕਿਸੇ ਦੀ ਮੰਨੀ ਨਹੀਂ,ਉੱਚਾ ਲੰਮਾ ਕੱਦ, ਗੋਰਾ ਨਿਸ਼ੋਹ ਰੰਗ, ਮਲਵਈ ਜੁੱਸਾ, ਪਰ ਦਿਲਾਵਰ ਦੇ ਅੰਦਰ ਹਮੇਸ਼ਾ ਈ ਇੱਕ ਸੂਖਮ ਸ਼ਾਇਰ ਧੜਕਦੇ ਰਹਿੰਦੈ।




ਦਿਲਾਵਰ ਸਿੰਘ ਚਹਿਲ

ਮੈਨੂੰ ਇਸ ਗੱਲ ਦਾ ਮਾਣ ਐ ਕਿ ਮੇਰੀ ਜਨਮ ਭੋਇੰ ਦੇ ਜਾਏ ਦਿਲਾਵਰ ਚਹਿਲ ਦੇ ਲਿਖੇ ਗੀਤ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਚੋਟੀ ਦੇ ਕਲਾਕਾਰਾਂ ਨੇ ਗਾਏ ਹਨ, ਜਿਹਨਾਂ ਚੋਂ ਹਰਭਜਨ ਮਾਨ,ਜਗਜੀਤ ਜ਼ੀਰਵੀ, ਸ਼ੌਕਤ ਅਲੀ, ਅਤਾਉਲਾ ਖਾਨ, ਅਕਰਮ ਰਾਹੀ ਸਮੇਤ ਅਨੇਕਾਂ ਈ ਨਾਮ ਗਿਣੇ ਜਾ ਸਕਦੇ ਹਨ। ਦਿਲਾਵਰ ਚਹਿਲ ਦੀ ਸ਼ਾਇਰੀ ਤੇ ਗੀਤਕਾਰੀ ਦਾ ਮਹਿਜ ਇੱਕ ਨਮੂਨਾ ਬਾਂਸਲ ਦੀ ਵੰਝਲੀ ਦੇ ਪਾਠਕਾਂ ਲਈ ਹਾਜ਼ਿਰ ਹੈ।

ਤੇਰੇ ਸਾਰੇ ਖ਼ਤ ਸ਼ੀਸ਼ੇ 'ਚ ਜੜਾ ਕੇ
ਰੱਖ ਲਏ
ਕਿੰਨੇ ਰੰਗ ਕਾਗਜ਼ਾਂ ਦੇ, ਮੈਥੋਂ ਗਿਣਤੀ
ਨਾ ਹੋਈ
ਕਿੰਨਾ ਪਿਆਰ ਹੈ ਸਮਾਇਆ, ਮੈਥੋਂ
ਮਿਣਤੀ ਨਾ ਹੋਈ
'ਚਾਹਲ' ਨੂੰ ਵੀ ਹੋਇਆ ਜਦੋਂ ਪਿਆਰ
ਨਾ ਨਸੀਬ
ਉਹਨੇ ਸੂਲਾਂ ਉੱਤੇ ਸੱਥਰ ਵਿਛਾ ਕੇ
ਰੱਖ ਲਏ
ਕਿਤੇ ਫਟ ਹੀ ਨਾ ਜਾਣ, ਰੋਜ ਹੱਥ
ਲੱਗ ਲੱਗ
ਤੇਰੇ ਸਾਰੇ ਖਤ ਸ਼ੀਸ਼ੇ 'ਚ ਜੜਾ ਕੇ ਰੱਖ
ਲਏ
(ਹਰਭਜਨ ਮਾਨ)

ਮੇਰਿਆ ਬਾਬਲਾ, ਵੇ
ਧਰਮੀ ਬਾਬਲਾ
ਵੇ ਮੇਰਿਆ ਬਾਬਲਾ
ਸੁਣ ਤੇਰੀ ਲਾਡਲੀ ਦੀ ਬਾਬਲਾ
ਪੁਕਾਰ ਵੇ।
ਲੈਜਾ ਮੈਨੂੰ, ਨਹੀਂ ਤਾਂ ਦੇਣਾ ਸੌਹਰਿਆਂ
ਨੇ ਮਾਰ ਵੇ।
ਲਗਦਾ ਏ 'ਚਾਹਲ' ਮੈਨੂੰ ਮੌਤ ਰਹੀ
ਉਡੀਕ ਵੇ।
ਸੌਹਰਿਆਂ ਦੇ ਸਟੋਵ ਦੀ ਤਾਂ ਚਾਦਰ
ਬਰੀਕ ਵੇ।
ਫਟ ਜਾਣੈਂ ਇਹਨੇ ਜੇ ਨਾ ਲਈ ਮੇਰੀ
ਸਾਰ ਵੇ।
ਸੁਣ ਤੇਰੀ ਲਾਡਲੀ ਦੀ ਬਾਬਲਾ
ਪੁਕਾਰ ਵੇ।
(ਹਰਭਜਨ ਮਾਨ)

ਦਿਲ ਦੇਣ ਤੋਂ ਪਹਿਲਾਂ ਕਹਿੰਦਾ ਹਾਂ
ਮੈਥੋਂ ਮੋੜ ਮੁੜਾਈ ਨਹੀਂ ਹੋਣੀ
(ਹਰਭਜਨ ਮਾਨ)

ਕਦੀ ਸ਼ਹਿਰ ਸਾਡੇ ਜਾਵੀਂ
ਉੱਥੇ ਜਾ ਕੇ ਫੇਰਾ ਪਾਵੀਂ (ਅਕਰਮ
ਰਾਹੀ)

ਰੱਖ ਸੂਰਤ ਤੇਰੀ ਪਲਕਾਂ ਤੇ
ਅਸਾਂ ਨੀਰ ਵਹਾਉਣਾ ਸਿੱਖ ਲਿਆ ਏ
ਤੁਸੀਂ ਦਰਦ ਵੰਡਾਉਣਾ ਨਹੀਂ
ਸਿੱਖਿਆ
ਅਸੀਂ ਦਰਦ ਹੰਢਾਉਣਾ ਸਿੱਖ ਲਿਆ
ਏ
(ਅਕਰਮ ਰਾਹੀ)

ਪਹਿਲਾਂ ਤਾਰਿਆਂ ਦੀ ਜੋਤ ਬੁਝ ਲੈਣ
ਦੇ
ਫੇਰ ਜਾਈਂ ਜੀਅ ਸਦਕੇ (ਸ਼ੌਕਤ
ਅਲੀ ਖਾਨ)

ਭਾਲ ਤੇਰੀ ਵਿੱਚ ਖਿਆਲ ਮੈ ਅੱਜ ਵੀ
ਪਾਰ ਸਮੁੰਦਰੋਂ ਘੱਲੇ ਨੇ
(ਜਗਜੀਤ ਜ਼ੀਰਵੀ)

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ







ਇੱਕ ਚਿੱਠੀ
ਮੁੱਖ ਮੰਤਰੀ ਜੀ ਪੰਜਾਬ ਦੇ ਨਾਮ
ਸਤਿਕਾਰ ਯੋਗ ਭਗਵੰਤ ਸਿੰਘ ਮਾਨ ਜੀ ਗੁਰ ਫਤਿਹ,

ਮਸਲਾ ਜਗਰਾਵਾਂ ਵਾਲੀ ਕੋਠੀ ਦਾ ਜੋ ਸ਼ਾਇਦ ਜੋ ਆਪ ਜੀ ਦੇ ਧਿਆਨ ਵਿੱਚ ਨਹੀਂ ਆਇਆ ਲਗਦਾ ਜੇ ਧਿਆਨ ਵਿੱਚ ਹੁੰਦਾ ਤਾਂ ਐਨ ਆਰ ਆਈ ਲੋਕਾਂ ਦੀ ਮੁਸ਼ਕਲ ਦਾ ਤੁਸੀਂ ਜ਼ੂਰ ਹਲ ਕਰਦੇ ਖੈਰ ਕਈ ਮਹੀਨੇ ਪਹਿਲਾਂ ਖਾਲੀ ਪਈ ਕੋਠੀ ਦਾ ਸ਼ਹਿਰੀ ਟੈਕਸ ਭਰਨਾ ਤੇ ਕਰਮ ਸਿੰਘ ਨੇ ਅਪਣੇ ਨਾਮ ਤੇ ਬਿਜਲੀ ਦਾ ਮੀਟਰ ਲਗਵਾਉਣਾ ਤੇ ਕੋਠੀ ਦੀ ਰੀਪੇਅਰ ਕਰਵਾਕੇ ਬੀਬੀ ਮਾਣੂਕੇ ਨੂੰ ਰੈਨਟ ਤੇ ਦੇਕੇ ਇਹ ਸਾਬਤ ਕਰਤਾ ਕਿ ਕੋਠੀ ਦਾ ਕੋਈ ਵਾਲੀ ਵਾਰਸ ਨਹੀਂ ਪਰ ਅਚਾਨਕ ਕੋਠੀ ਦੇ ਅਸਲ ਮਾਲਕਾਂ ਜਾਕੇ ਜਦੋਂ ਰੌਲਾ ਪਾਇਆ ਗਿਆ ਤਾਂ ਕਰਮ ਸਿੰਘ ਨੇ ਇਕ ਅਸ਼ੋਕ ਕੁਮਾਰ ਦੀ ਪਾਵਰ ਔਫ ਅਟਾਰ ਲਈ ਤੇ ਉਸ ਕੋਠੀ ਦੀ ਰਜਿਸਟਰੀ ਅਪਣੇ ਨਾਮ ਕਰਵਾ ਲਈ ਤੇ ਇੰਤਕਾਲ ਦਰਜ ਕਰਵਾ ਦਿਤਾ।ਜਦ ਇਹ ਸਾਰੀ ਘੜੀ ਹੋਈ ਕਹਾਣੀ ਦਾ ਮੀਡੀਏ ਵਿਚ ਲੋਕਾਂ ਵਿਚ ਪਰਦਾ ਫਾਸ਼ ਹੋ ਗਿਆ ਤਾਂ ਕਰਮ ਸਿੰਘ ਨੇ ਅਸ਼ੋਕ ਕੁਮਾਰ ਤੇ ਪਰਚਾ ਦਰਜ ਕਰਵਾ ਦਿਤਾ ਕਿ ਮੇਰੇ ਨਾਲ ਅਸ਼ੋਕ ਕੁਮਾਰ ਧੋਖਾ ਕਰ ਗਿਆ ਹੈ ਉਹ ਭੱਜ ਨਾ ਜਾਵੇ ਉਸ ਨੂੰ ਫੜ ਲਵੋ ਜੋ ਅਜ ਵੀ ਫਰਾਰ ਹੈ।

ਫਿਰ ਬੀਬੀ ਚਾਬੀਆਂ ਨਕਲੀ ਮਾਲਕ ਨੂੰ ਫੜਾਕੇ ਕੋਠੀ ਖਾਲੀ ਕਰਤੀ ਮਾਨ ਸਾਹਿਬ ਤੁਹਾਡੀ ਸਰਕਾਰ ਵਿਚ ਜਾਹਲੀ ਕਾਗਜ ਪੱਤਰ ਪੰਜ ਦਿਨ ਵਿਚ ਤਿਆਰ ਹੋਗੇ ਜਦ ਕਿ ਕਰਮ ਸਿੰਘ ਨੇ ਐਫੀਡੇਵਿਟ ਵੀ ਖੁਦ ਲਿਖਕੇ ਦੇ ਦਿਤਾ ਕਿ ਪੇਪਰ ਵਰਕ ਸਭ ਜਾਹਲੀ ਹੈ।ਹੁਣ ਉਹ ਐਨ ਆਰ ਆਈ ਪਰਵਾਰ ਥਾਂ ਥਾਂ ਠੋਕਰਾਂ ਖਾ ਰਿਹਾ ਹੈ ਚਾਬੀਆਂ ਮਿਲ ਗਈਆਂ ਕੋਠੀ ਹਾਲੇ ਵੀ ਮਾਲਕਾਂ ਦੇ ਨਾਮ ਨਹੀਂ ਹੋਈ।ਮੇਰੀ ਕਈ ਤੁਹਾਡੇ ਜੁਮੇਵਾਰ ਸਰੂਖਦਾਰਾਂ ਨਾਲ ਗੱਲ ਹੋਈ ਹੈ ਕਹਿੰਦੇ ਹੋਜੂ ਵੇਟ ਕਰੋ ਮੈ ਕਿਹਾ ਗਲਤ ਪੇਪਰ ਚਾਰ ਦਿਨਾਂ ਵਿਚ ਕਿਹੜੇ ਅਫਸਰਾਂ ਕਰਤੇ ਐਤਵਾਰ ਨੂੰ ਬਾਰਲਾ ਤਸੀਲਦਾਰ ਲਿਆਕੇ ਜਾਹਲੀ ਰਜਿਸਟਰੀ ਹੋ ਸਕਦੀ ਪਰ ਜਾਇਜ ਕੰਮ ਨਹੀਂ ਪੁਲਿਸ ਜਾਹਲਸਾਜਾਂ ਖਿਲਾਫ ਪਰਚਾ ਦਰਜ ਨਹੀ ਕਰ।ਅਸੀਂ ਸਾਰੇ ਐਨ ਆਰ ਆਈ ਆਪ ਜੀ ਦੀ ਸਰਕਾਰ ਬਣਨ ਤੇ ਜਿਨੇ ਅਸੀਂ ਖੁਸ਼ ਹੋਏ ਸੀ ਉਸ ਤੋਂ ਵੱਧ ਐਨ ਆਰ ਆਈ ਭੈਣਾ ਭਰਾਵਾਂ ਦਾ ਦਿਲ ਟੁਟਿਆ ਹੈ ਇਥੋਂ ਤੱਕ ਕਿ ਜਗਰਾਵਾਂ ਦੇ ਆਪ ਵਰਕਰ ਬਹੁਤ ਸਾਰੇ ਇਕੱਠੇ ਹੋਕੇ ਐਸ ਐਸ ਪੀ ਸਾਹਿਬ ਨੂੰ ਸ਼ਕਾਇਤ ਕਰਕੇ ਆਏ ਹਨ ਕਿ ਐਨ ਆਰ ਆਈ ਬੀਬੀ ਝੂਠ ਬੋਲਦੀ ਹੈ ਕਿਨਾ ਚੰਗਾਂ ਹੁੰਦਾ ਸੱਚ ਦਾ ਸਾਥ ਦੇਕੇ ਪਾਰਟੀ ਨੂੰ ਹੋਰ ਮਜਬੂਤ ਕਰਦੇ।ਫਿਲਹਾਲ ਬਾਹਰ ਬੈਠੇ ਅਸੀਂ ਲੋਕ ਵੀ ਤੁਹਾਡੇ ਅਪਣੇ ਹਾਂ ਉਮੀਦ ਹੈ ਗਲ ਨਾਲ ਲਾਉਂਗੇ

**ਆਪ ਜੀ ਦਾ ਸ਼ੁਭਚਿੰਤਕ**
**ਮੱਖਣ ਬਰਾੜ ਟਰੰਟੋ ਕਨੇਡਾ**




# ਕਾਹਦੇ ਵਾਸਤੇ ! ਜਦ ਆਹ ਦੋ ਬੁਰਕੀਆਂ ਮੂੰਹ ਤੱਕ ਲਿਜਾਣ ਦੀ ਵਿਹਲ ਨਹੀਂ ਹੈ

ਹੁੰਦੇ ਹੁੰਦੇ ਸ਼ੋਰ ਨੇ ਮਹਿਫਿਲ ਤੇ
ਕਬਜ਼ਾ ਕਰ ਲਿਆ,
ਮੈਂ ਇਕੱਲਾਂ ਵਿਚ ਬਹਿ ਕੇ
ਨਗ਼ਮਿਆਂ ਨੂੰ ਖ਼ਤ ਲਿਖੇ।
ਗੱਲ ਧਰਤੀ ਦੀ ਮੈਂ ਕੀਤੀ ਆਪਣੇ
ਅੰਦਾਜ਼ ਵਿਚ,
ਤਾਰਿਆਂ ਦੇ ਹਰਫ਼ ਪਾ ਕੇ ਅੰਬਰਾਂ
ਨੂੰ ਖ਼ਤ ਲਿਖੇ।
**(ਜਗਦੀਪ)**



ਕਈ ਦਿਨ ਹੋਏ ਕੈਲਗਰੀ ਤੋਂ ਰੈਡ ਐਫ ਐਮ ਰੇਡੀ- ਦੇ ਹੋਸਟ ਰਿਸ਼ੀ ਨਾਗਰ ਨੇ ਸਮੇ ਦਾ ਸਦਉਪਯੋਗ ਕਰਨ ਬਾਰੇ ਕੁੱਝ ਨੁਕਤੇ ਸਾਂਝੇ ਕੀਤੇ ਸਨ। ਉਨ੍ਹਾਂ ਵਿੱਚੋਂ ਇੱਕ ਨੁਕਤਾ ਆਪਣੇ ਆਪ ਦੇ ਸਾਥ ਬਾਰੇ ਮੈਂ ਸਾਂਭ ਲਿਆ ਸੀ। ਇਸ ਦਾ ਅਰਥ ਸੀ ਕਿ ਪੂਰੇ ਦਿਨ ਵਿੱਚੋਂ ਕੁੱਝ ਸਮਾ ਆਪਣੀ ਮਰਜ਼ੀ ਨਾਲ ਹੋਰਾਂ ਤੋਂ, ਟੀ ਵੀ ਤੋਂ ਫੋਨ, ਕਿਤਾਬਾਂ ਜਾਂ ਅਖ਼ਬਾਰ ਤੋਂ ਨਿਜਾਤ ਪਾ ਕੇ ਆਪੇ ਦੇ ਸਨਮੁਖ ਹੋਇਆ ਜਾਵੇ। ਆਪਣੇ ਆਪ ਨਾਲ ਅਜਿਹੀ ਸਾਂਝ ਜਾਂ ਆਪਣੇ ਮੂਲ ਦੀ ਪਛਾਣ ਦੇ ਪਲ ਸਮੇ ਅਸੀਂ ਹੋਈ-ਬੀਤੀ ਜਾਂ ਆਪ ਨਿਭਾਈ ਹਰ ਹੋਣੀ ਲਈ ਸਵਾਲ ਜਵਾਬ ਹੁੰਦੇ ਹਾਂ। ਲੰਘੇ ਪਲਾਂ ਦੀ ਉਹ ਆਪੇ ਕੀਤੀ ਪੁਣ ਛਾਣ ਅੰਦਰ ਵਸੀਆਂ ਭੀੜਾਂ ਵਿਚਲੇ ਲੋਕਾਂ ਦੀ ਛਾਂਗ ਛੰਗਾਈ ਵੀ ਕਰਦੀ ਹੈ। ਫੁਰਸਤ ਦੇ ਇਨ੍ਹਾਂ ਪਲਾਂ ਵਿੱਚ ਅਸੀਂ ਵਰਤਮਾਨ ਨੂੰ ਉਧੇੜ ਕੇ ਭਵਿੱਖ ਦੇ ਟਾਂਕੇ ਲਾ ਦੇਣ ਦੀ ਜੁਰੱਅਤ ਕਿਆਸ ਲੈਂਦੇ ਹਾਂ। ਇੱਕ ਮਨ ਇੱਕ ਚਿਤ ਹੋ ਕੇ ਅੰਦਰ ਵਸੀ ਦੁਨੀਆਂ ਦੀ ਥਾਹ ਪਾਉਣਾ ਜਾਂ ਰਾਬਤਾ ਕਾਇਮ ਰੱਖਣਾ ਸਾਨੂੰ ਸਕੂਨ, ਤਸੱਲੀ ਅਤੇ ਅਨੰਦ ਬਖ਼ਸ਼ਦਾ ਹੈ। ਜੋ ਲੋਕ ਇਉਂ ਨਹੀਂ ਕਰਦੇ, ਉਨ੍ਹਾਂ ਅੰਦਰ ਅੰਬਾਰ ਲੱਗ ਜਾਂਦੇ ਹੋਣਗੇ। ਸੋਚਾਂ ਦਾ ਇੱਕ ਨਾ ਸੁਲਝਣ ਵਾਲਾ ਤਾਣਾ ਉਲਝ ਜਾਂਦਾ ਹੋਣੈ, ਜੋ ਸਮੇ ਦੀ ਪਰਤ ਹੇਠੋਂ ਮਾਨਸਿਕ ਰੋਗ ਬਣਦਾ ਹੈ। ਅਸੀਂ ਸਭ ਗਰਜ਼ਾਂ, ਮਰਜ਼ਾਂ, ਹਰਜ਼ਾਂ ਅਤੇ ਫ਼ਰਜ਼ਾਂ ਵਿੱਚ ਰੁੱਝੇ ਆਪੇ ਦੀ ਸਾਰ ਲੈਣ ਜੋਗੇ ਪਲ ਘੱਟ ਹੀ ਬਟੋਰਦੇ ਹਾਂ। ਇਨ੍ਹਾਂ ਰੁਝੇਵਿਆਂ ਨੇ ਚਾਰੇ ਪਾਸੇ ਘੇਰਾ ਪਾ ਰੱਖਿਆ ਹੈ। ਕੁੱਝ ਲੋਕ ਤਾਂ ਬਾਥਰੂਮ ਵਿੱਚ ਵੀ ਫੋਨ ਨਾਲ ਰੱਖਦੇ ਹਨ। -ਥੇ ਵੀ ਇਕਾਂਤ ਨਹੀਂ ਮਾਣਦੇ। ਮੈਂ ਇੱਕ ਲੇਖ ਜ਼ਰੂਰੀ ਵਸਤਾਂ ਬਾਰੇ ਪੜ੍ਹਿਆ। -ਥੇ ਰੋਟੀ, ਕੱਪੜਾ, ਮਕਾਨ ਨਾਲ ਫੋਨ ਵੀ ਲਿਖ ਰੱਖਿਆ ਸੀ। ਉਂਜ ਤਾਂ ਹਰ ਉਮਰ ਲਈ ਇਹ ਆਪੇ ਦੇ ਪਲ ਲੋੜੀਂਦੇ ਹਨ ਪਰ ਕੁੱਝ ਦਹਾਕੇ ਉਮਰ ਲੰਘਣ ਪਿੱਛੋਂ ਤਾਂ ਆਪਣੇ ਆਪ ਲਈ ਇਹ ਪਲ ਜ਼ਰੂਰੀ ਹਨ, ਜਿੱਥੇ ਆਠਰ ਰਹੀਆਂ ਇੱਛਾਵਾਂ ਅਤੇ ਯਾਦਾਂ ਦਾ ਝੁਰਮਟ ਅੰਦਰ ਵੱਲ ਦੀ ਯਾਤਰਾ ਕਰਾ ਕੇ ਵੱਖਰੀ ਹੀ ਤ੍ਰਿਪਤੀ ਦਿੰਦਾ ਹੈ। ਗੁਲਜ਼ਾਰ ਲਿਖਦਾ ਹੈ,'ਅਕੇਲੇ ਹੋਨਾ ਔਰ ਅਕੇਲੇ ਰੋਨਾ ਹਮੇ ਮਜ਼ਬੂਤ ਬਨਾ ਦੇਤਾ ਹੈ'। ਰਿਸ਼ੀ ਨੇ ਕਿਹਾ ਸੀ ਸਿਆਣੇ ਬੰਦੇ ਬਿਜ਼ੀ ਨੀ ਹੁੰਦੇ। ਅਸਲ ਵਿੱਚ ਉਨ੍ਹਾਂ ਨੂੰ ਸਮੇ ਦੀ ਤਰਤੀਬ ਜਾਂ ਵਿਉਂਤ ਅਤੇ ਕੰਮਾਂ ਦੀ ਤਰਜੀਹ ਦਾ ਬੋਧ ਹੁੰਦਾ ਹੈ। ਮੈਂ ਕਈ ਵਾਰ ਲੋਕਾਂ ਨੂੰ ਲਾਲ ਬੱਤੀ ਤੇ ਖੜ੍ਹੀ ਕਾਰ ਵਿੱਚ ਰੋਟੀ ਕਾਹਲੀ ਵਿੱਚ ਨਿਗਲਦੇ ਵੀ ਦੇਖਿਆ ਹੈ। ਉਨ੍ਹਾਂ ਨੂੰ ਪੁੱਛਿਆ ਜਾਵੇ ਏਨੀ ਭਗਦੜ ਕਾਹਦੇ ਵਾਸਤੇ ਜਦ ਆਹ ਦੋ ਬੁਰਕੀਆਂ ਮੂੰਹ ਤੱਕ ਲਿਜਾਣ ਦੀ ਵਿਹਲ ਨਹੀਂ ਹੈ। ਆਪਣੇ ਆਪ ਨਾਲ ਰੂ-ਬ-ਰੂ ਹੋਇਆਂ ਮਨ ਦੇ ਖੱਲਾਂ-ਖੂੰਜਿਆਂ ਨੂੰ ਫਰੋਲ ਕੇ ਪੁਰਾਣੇ ਖੰਡਰਾਂ ਵਿੱਚੋਂ ਮਿਲੀਆਂ ਵਸਤਾਂ ਵਾਂਗ ਕਈ ਸਾਲ ਪਹਿਲਾਂ ਦਫ਼ਨ ਕੀਤੇ ਕਈ ਸੁਪਨੇ ਅਤੇ ਨਿਭੇ ਤੇ ਵਿਛੜੇ ਲੋਕ ਸੱਜਰੇ ਹੋ ਖੜ੍ਹਦੇ ਹਨ। ਕਹਿੰਦੇ ਹਨ ਕਈ ਲੋਕ ਮਿਲ ਕੇ ਜ਼ਿੰਦਗੀ ਬਦਲ ਜਾਂਦੇ ਰਹੇ ਪਰ ਕਈ ਨਾ ਮਿਲ ਕੇ ਵੀ ਮੋੜ ਕਟਦੇ ਰਹੇ ਹਨ। ਬੀਤੇ ਹਾਦਸਿਆਂ ਦੀ ਧੂੜ ਮਨ ਦੀ ਛੱਤ ਤੋਂ ਕਿਰਦੀ ਹੈ। ਮਨ ਨੇ ਜੋ ਚਾਹਿਆ ਸੀ ਤੇ ਹਾਲਾਤ ਨੇ ਜੋ ਝੋਲ਼ੀ ਪਾਇਆ, ਉਸ ਵਿੱਥ ਦਾ ਲੇਖਾ-ਜੋਖਾ ਤੇ ਆਪਣੀ ਕਾਰਗੁਜ਼ਾਰੀ ਗੌਲਣ ਦੀ ਜਾਚ ਆ ਜਾਂਦੀ ਹੈ। ਮਹਾਤਮਾ ਬੁੱਧ ਸਾਰੇ ਝਮੇਲੇ ਤਿਆਗ ਕੇ ਮੋਕਲ਼ੇ ਸੰਸਾਰ ਤੱਕ ਜਾ ਅੱਪੜਿਆ ਸੀ। ਇਉਂ ਹੀ ਸਭ ਮਹਾਂ ਪੁਰਖ, ਕਵੀ ਤੇ ਕਲਾਕਾਰ ਇਕਾਂਤ ਪਲਾਂ ਦੇ ਸਾਹਵੇਂ ਆਪਾ ਫਰੋਲ ਕੇ ਸਮੁੰਦਰੋਂ ਡੂੰਘੇ ਮਨਾਂ ਵਿੱਚੋਂ ਮੋਤੀ ਜਾ ਚੁਗਦੇ ਰਹੇ ਹਨ। ਆਪਾਂ ਕੁੱਝ ਪਲ ਤਾਂ ਮਘਦੇ ਜੀਵਨ ਤੋਂ ਪਾਸਾ ਵੱਟ ਕੇ ਆਪੇ ਦੇ ਸਨਮੁਖ ਹੋ ਕੇ ਥਕੇਵਾਂ ਲਾਹ ਸਕਦੇ ਹਾਂ। ਇਹ ਪਲ ਹੀ ਸਾਡੀ ਆਪੇ ਕੀਤੀ ਪੜਚੋਲ ਅਤੇ ਆਪੇ ਲਈ ਸ਼ਾਬਾਸ਼ ਵਿੱਚ ਸਹਾਈ ਹੋ ਸਕਦੇ ਹਨ। ਇਨ੍ਹਾਂ ਪਲਾਂ ਦੇ ਸਦਉਪਯੋਗ ਬਾਰੇ ਖ਼ੁਸ਼ਵੰਤ ਸਿੰਘ ਨੇ ਲਿਖਿਆ ਹੈ,' ਇਕਾਂਤ ਵਿੱਚ ਹੀ ਸੁੱਖ ਹੈ। ਜੇ ਤੁਹਾਨੂੰ ਬਾਗਬਾਨੀ, ਬੋਨਸਈ ਉਗਾਉਣ, ਪੁਸਤਕਾਂ ਪੜ੍ਹਨ, ਪੰਛੀਆਂ ਨੂੰ ਵੇਖਣ ਅਤੇ ਬਦਲਦੇ ਮੌਸਮਾਂ ਵਿੱਚ ਰੁੱਖਾਂ ਨੂੰ ਨਿਹਾਰਨ ਦਾ ਸ਼ੌਕ ਹੋਵੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਇਕਲਾਪਾ ਮਹਿਸੂਸ ਕੀਤੇ ਬਿਨਾ ਵੀ ਇਕੱਲੇ ਰਹਿ ਸਕਦੇ ਹੋ।'










# ਕਾਗਜ਼ੀ ਵਿਚੋਲਪੁਣਾ

## ਗੁਰਸਿੱਖ ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 **229**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

## ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕਨੇਡਾ ਵਿੱਚ ਹੀ ਜੰਮੇ ਪਲੇ ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਯੂਨੀਵਰਿਸਟੀ ਮੈਨੀਟੋਬਾ ਤੋਂ ਬੈਚੂਲਰ ਆਫ ਆਰਟਸ,ਮੇਜਰ ਇਨ ਫਿਸਿਆਲੋਜੀ ਐਂਡ ਮਾਈਨਰ ਇਨ ਹਿਊਮਨ ਰਿਸੋਰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਬੈਂਕ ਵਿੱਚ ਅਸਿਸਟੈਂਟ ਮੈਨਟਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ ਐਡਮੰਟਨ ਵਿੱਚ ਆਪਣਾ ਘਰ ਹੈ। ਕੈਲਗਰੀ ਅਤੇ ਐਡਮੰਟਨ ਨੂੰ ਪਹਿਲ। ਸੰਪਰਕ: 1 204 960 5145 ***224***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1988,ਕੱਦ 5 ਫੁੱਟ 3 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਵਟਸਐਪ: 918360079862 ***224***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜ਼ਨ,ਜੱਟ ਸਿੱਖ ਬੈਨੀਪਾਲ ਪਰਿਵਾਰ ਦੇ ਪੱਗ ਬੰਨ੍ਹਣ ਦੇ ਸ਼ੌਕੀਨ ਲੜਕੇ,ਉਮਰ 34 ਸਾਲ,ਕੱਦ 6 ਫੁੱਟ 2 ਇੰਚ,ਬੀ ਟੈਕ,ਐਮ ਬੀ ਏ ਲਈ ਸੁੰਦਰ ਸੁਸ਼ੀਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 788 6113 ਵਟਸਐਪ: 919463004142 ***224***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1990,ਕੱਦ 5 ਫੁੱਟ 11 ਇੰਚ, ਕੰਪਿਊਟਿਰ ਸਾਇੰਸ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਿਨੀਪੈਗ ਨੂੰ ਪਹਿਲ, ਜੇਕਰ ਲੜਕੀ ਕਿਸੇ ਹੋਰ ਸਿਟੀ ਵਿੱਚ ਰਹਿੰਦੀ ਹੋਵੇ ਤਾਂ ਵਿਆਹ ਤੋਂ ਬਾਦ ਵਿਨੀਪੈਗ ਰਹਿਣ ਲਈ ਰਾਜੀ ਹੋਵੇ। ਸੰਪਰਕ: 1 431 278 2345 ***224***

## ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 903 4149 ***227***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ( ਪੀ ਆਰ ਅਪਲਾਈ ਕੀਤਾ ਹੋਇਆ ਹੈ) ਨਰੂਲਾ ਪਰਿਵਾਰ ਦਾ ਲੜਕੇ ਉਮਰ 34 ਸਾਲ,ਕੱਦ 6 ਫੁੱਟ, ਬੀ ਟੈਕ ਕੰਪਿਊਟਰ ਸਾਇੰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਏਸ ਟਾਈਮ ਮੈਨੇਜਰ ਦੀ ਜੌਬ ਕਰ ਰਿਹਾ ਹੈ । ਸੰਪਰਕ: 403 973 4039 ***223***

## ਲੜਕੀ ਦੀ ਲੋੜ

ਜੱਟ ਸਿੱਖ ਉੱਪਲ ਪਰਿਵਾਰ ਦੇ ਲੜਕੇ ਉਮਰ 23 ਸਾਲ ,ਕੱਦ 6 ਫੁੱਟ, ਲੁਧਿਆਣਾ ਜਿਲੇ ਵਿੱਚ ਰਾਇਕੋਟ ਏਰੀਆ 8 ਕਿੱਲੇ ਜ਼ਮੀਨ ਦੀ ਮਾਲਕੀ, ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਵਿੱਚ ਵਿਜਟਿਰ ਵੀਜੇ ਉੱਪਰ ਆਇਆ ਹੋਇਆ ਹੈ ਅਤੇ ਉਸ ਨੇ ਵਰਕ ਪਰਮਿਟ ਵੀ ਅਪਲਾਈ ਕੀਤਾ ਹੋਇਆ ਹੈ। ਸੰਪਰਕ: 403 607 2874 ***223***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

## ਲੜਕੇ ਦੀ ਲੋੜ

Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

## ਲੜਕੀ ਦੀ ਲੋੜ

Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

## ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 338 0570 ਜਾਂ 1 204 504 8723 ***226***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ । ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ । ਸੰਪਰਕ: 587 837 4330 , ਵਟਸ ਐਪ: 8527485888 ***226***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

## ਲੜਕੀ ਦੀ ਲੋੜ

ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਿਸਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902 E mail: vijaykumarsuman25@yahoo.co.in ***225***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ । ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

## ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

## ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000


ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

# ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

ਕਾਲ ਦਿਲਾਵਰ ਤੂਰ

403 680 0436




## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਜ਼ਮੀਨ ਵਿਕਾਊ ਹੈ

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

# ਲੋਕ ਟਵਿੱਟਰ ਤੋਂ ਟਾਲਾ ਵਟਦੇ ਹੋਏ ਥਰੈਡਸ ਨਾਲ ਬੱਝਣ ਲੱਗੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਜਿੱਥੇ ਟਵਿੱਟਰ ਦੇ ਮੁਕਾਬਲੇ ਵਿਚ ਮੈਟਾ ਵੱਲੋਂ ਸ਼ੁਰੂ ਕੀਤੀ ਗਈ ਟੈਕਸਟ ਬੇਸਡ ਐਪ ਥਰੈਡਸ ਨੂੰ ਲੱਖਾਂ ਕਰੋੜਾਂ ਲੋਕ ਵਰਤਣਾ ਸ਼ੁਰੂ ਕਰ ਚੁਕੇ ਹਨ ਤਾਂ ਇਸ ਦੌਰਾਨ ਪੂਰੇ ਕੈਨੇਡਾ ਵਿੱਚ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਵਾਲੀਆਂ ਏਜੰਸੀਆਂ ਵੱਲੋਂ ਵੀ ਇਸ ਨਵੀਂ ਟੈਕਸਟ ਬੇਸਡ ਐਪ ਨੂੰ ਵਰਤੇ ਜਾਣ ਦਾ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਿਰਫ ਟਵਿੱਟਰ ਉੱਪਰ ਹੀ ਪੁਲਿਸ ਅਤੇ ਹੋਰਨਾਂ ਏਜੰਸੀਆਂ ਵੱਲੋਂ ਫੌਰੀ ਤੌਰ ਤੇ ਅਤੇ ਖ਼ਾਸ ਕਰਕੇ ਐਮਰਜੈਂਸੀ ਵਾਲੇ ਹਾਲਾਤ ਵਿਚ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਵਰਨਣਯੋਗ ਹੈ ਕਿ ਐਲਨ ਮਸਕ ਵੱਲੋਂ ਟਵਿੱਟਰ ਨੂੰ ਖਰੀਦੇ ਜਾਣ ਉਪਰੰਤ ਇਸ ਉੱਪਰ ਕਈ ਨਵੇਂ ਨਿਯਮ ਲਾਗੂ ਕੀਤੇ ਜਾਣ ਕਾਰਨ ਲੋਕ ਬਦਲਵੇਂ ਪ੍ਰਬੰਧ ਦੇਖ ਰਹੇ ਸਨ ਅਤੇ ਥਰੈਡਸ ਦੇ ਆਉਣ ਕਾਰਨ ਲੋਕ ਬੜੀ ਤੇਜ਼ੀ ਨਾਲ ਇਸ ਨਵੀਂ ਐਪ ਨਾਲ ਜੁੜਨਾ ਸ਼ੁਰ ਹੋ ਗਏ ਜਿਸ ਕਾਰਨ ਐਲਨ ਮਸਕ ਨੇ ਕਾਨੂੰਨੀ ਕਾਰਵਾਈ ਦੀ ਧਮਕੀ ਵੀ ਦਿੱਤੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਦੀਆਂ ਕੁੱਝ ਪਬਲਿਕ ਏਜੰਸੀਆਂ ਪਹਿਲਾਂ ਹੀ ਥਰੈਡਸ ਦੀ ਵਰਤੋਂ ਸ਼ੁਰੂ ਕਰ ਚੁੱਕੀਆਂ ਹਨ ਅਤੇ ਬਾਕੀ ਏਜੰਸੀਆਂ ਨੇ ਬੜੀ ਗੰਭੀਰਤਾ ਨਾਲ ਇਸ ਪਾਸੇ ਆਉਣ ਬਾਰੇ ਵਿਚਾਰ ਕਰਨਾ ਸ਼ੁਰ ਕਰ ਦਿੱਤਾ ਹੈ

# Alberta's government will provide more than $10 million to Bridging Classrooms to Communities pilot program.

Edmonton (Punjabi Akhbaar Bureau) Alberta Education is committed to improving education outcomes and creating opportunities for First Nations, Métis and Inuit students. Creating welcoming environments, demonstrating cultural awareness, and providing system supports through the Bridging Classrooms to Communities program will help support Indigenous students' success in and out of the classroom.

This new pilot program will help Indigenous partners such as the Alberta Native Friendship Centres Association (ANFCA) build relationships with local school authorities to advance reconciliation and support the hiring of community connection workers to strengthen student relationships with Indigenous communities.

"This is an important step forward in advancing reconciliation. Alberta's United Conservative government takes reconciliation seriously and this small but important step will help bring Indigenous communities and school authorities closer together. As Alberta's minister of education, I firmly believe that the path to reconciliation starts with education, and I will work to ensure that happens."

Demetrios Nicolaides, Minister of Education

The new Bridging Classrooms to Communities pilot program will provide $10.5 million over three years. ANFCA will receive $7.5 million to distribute to friendship centres within their network. The remaining $3 million is earmarked for eligible Indigenous organizations to support community connection projects in urban and rural areas across Alberta.

By creating meaningful connections, this pilot program will help Indigenous students and their families feel heard, respected and involved in Alberta schools.

Recipients will receive up to $100,000 per year to hire community connection workers who will work with school authorities to:

- o Develop Indigenous-centered school events, programs and supports.
- o Provide guidance to teachers and school leaders to strengthen communication with Indigenous students, families and communities.
- o Make timely referrals to external support systems and services.
- o Improve access to transportation, technology, tutoring, social activities, sports and other supports and services.

"Alberta's government is pleased to fund this pilot program that will help build relationships between community partners and create new opportunities in education for Indigenous students. These meaningful connections will help provide excellent opportunities for Indigenous students to feel heard and receive support to excel at school and in life now and in the future."

Rick Wilson, Minister of Indigenous Relations

"With this support from Alberta Education, friendship centres are able to weave Indigenous knowledge and culturally responsive educational supports to increase positive learning environments and urban Indigenous students' academic and future success."

Len Morissette, president, Alberta Native Friendship Centres Association

Grant applications will open later this summer and successful applicants will receive funding in the fall.

Alberta's government is committed to reconciliation and Indigenous-led solutions that result in meaningful change and a better future for all.

Quick facts

- o Friendship centres provide cultural programs and services to respond to the unique needs of Indigenous people in urban and rural communities across Canada.
- o The Alberta Native Friendship Centres Association is a provincial association of the 21 friendship centres within the province.
- o The pilot program is expected to support up to 35 community connection projects in schools across Alberta.

# ਸੱਸੇ ਨੀ ਤੇਰਾ ਲਾਡਲਾ ਹੈ ਸੌ ਪੱਤਣਾਂ ਦਾ ਤਾਰੂ - ਦਰਸ਼ਨ ਤਿਊਣਾ



ਜਗਦੇਵ ਸਿੱਧੂ
403 351 1136

ਬਠਿੰਡੇ ਰਾਜਿੰਦਰਾ ਕਾਲਜ ਵਿਚ ਪੜ੍ਹਨ ਵਾਲ਼ਾ ਮੁੰਡਾ ਕੁੜਤਾ-ਪਜਾਮਾ ਪਾਈ ਡੀ.ਏ.ਵੀ. ਕਾਲਜ ਦੇ ਕਲਚਰਲ ਪ੍ਰੋਗਰਾਮ ਵਿਚ ਜਾ ਵੜਿਆ। ਕਿਸੇ ਦੇ ਕਹਿਣ ਤੇ ਉਸ ਨੂੰ ਸਟੇਜ ਤੇ ਗਾਣਾ ਗਾਉਣ ਲਈ ਸੱਦ ਲਿਆ। ਇੱਕ ਗਾਣਾ ਗਾਇਆ, ਹੋਰ ਦੀ ਸਿਫ਼ਾਰਿਸ਼ ਆਈ ਤੇ ਫੇਰ ਹੋਰ ਦੀ। ਪੈਂਦੀ ਸੱਟੇ ਗੀਤ ਗਾ ਕੇ ਮੁੰਡਾ ਤਾਂ ਛਾ ਗਿਆ। ਸਵੇਰ ਦਾ ਇਹ ਪ੍ਰੋਗਰਾਮ ਨਿਬੇੜਕੇ ਰਾਜਿੰਦਰਾ ਕਾਲਜ ਚਲਾ ਗਿਆ। ਸ਼ਾਮ ਨੂੰ ਚਾਰ ਵਜੇ ਫੇਰ ਪ੍ਰੋਗਰਾਮ ਸ਼ੁਰੂ ਹੋਇਆ। ਆੜੀਆਂ ਨਾਲ਼ ਜਦੋਂ ਡੀ.ਏ.ਵੀ. ਕਾਲਜ ਵਿਚ ਗਿਆ ਤਾਂ ਕਾਲਜੀਏਟ ਕਹਿਣ,ਦਰਸ਼ਨ ਆ ਗਿਆ। ਸਟੇਜ ਉਪਰ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿਚ ਪ੍ਰਿੰਸੀਪਲ ਦੀ ਸਿਫ਼ਾਰਸ਼ ਤੇ ਉਸ ਨੇ ਗਾਣਾ ਕੀ ਗਾਇਆ, ਹੋਰ ਸੁਨਾਉਣ ਲਈ ਸਿਫ਼ਾਰਸ਼ਾਂ ਦੀ ਝੜੀ ਲੱਗ ਗਈ। ਵਿਚਾਰੇ ਨਵੇਂ ਨਵੇਂ ਗਾਇਕ ਦਾ ਸੰਘ ਸੁੱਕਣ ਵਾਲ਼ਾ ਹੋ ਗਿਆ। ਇਹ ਉਸ ਦੀ ਗਾਇਕੀ ਦੀ ਪਹਿਲੀ ਮਕਬੂਲੀਅਤ ਸੀ। ਜਦੋਂ ਰਾਜਿੰਦਰਾ ਕਾਲਜ ਵਿਚ ਪੁਲੀਟੀਕਲ ਸਾਇੰਸ ਦੀਆਂ ਪੋਸਟ ਗ੍ਰੈਜੂਏਟ ਵਿਦਿਆਰਥਣਾਂ ਦੀ ਪਾਰਟੀ ਹੋਈ, ਦਰਸ਼ਨ ਨੂੰ ਉਚੇਚੇ ਤੌਰ ਤੇ ਬੁਲਾ ਕੇ ਉਸ ਦੇ ਗੀਤ ਸੁਣੇ ਗਏ। ਇੱਕ ਗੀਤ ਦੇ ਬੋਲ ਸਨ - ਯਾਰ ਆਏ ਸਾਡੇ ਦੇਸ ਨੀਂ ਮਾਏ \ ਵਾਰ-ਵਾਰ ਮੈਂ ਖੜ੍ਹ-ਖੜ੍ਹ ਵੇਖਾਂ \ ਮੁੜ-ਮੁੜ ਵੇਖਾਂ \ ਬਦਲ-ਬਦਲ ਕੇ ਭੇਸ ਨੀਂ ਮਾਏ। ਕੁੜੀਆਂ ਦੇ ਚਹੇਤੇ ਦਰਸ਼ਨ ਨੂੰ ਸਪੈਸ਼ਲ ਇਨਾਮ ਨਾਲ਼ ਨਿਵਾਜਿਆ ਗਿਆ। ਜੁਆਨ ਦਾ ਹੌਸਲਾ ਵਧ ਗਿਆ। ਬੱਸ ਇੱਥੋਂ ਹੀ ਗੀਤਕਾਰੀ ਅਤੇ ਗਾਇਕੀ ਦੀ ਮੰਜ਼ਲ ਵੱਲ ਚੜ੍ਹਦੀ ਪੌੜੀ ਉਪਰ ਪਹਿਲੇ ਟੰਬੇ ਤੇ ਗੱਡ ਕੇ ਪੈਰ ਟਿਕ ਗਏ। ਉਸ ਨੂੰ ਆਪਣੀ ਗੀਤਕਾਰੀ ਅਤੇ ਗਾਇਕੀ ਉਪਰ ਸ੍ਵੈਵਿਸ਼ਵਾਸ ਦਾ ਪ੍ਰਸਾਦ ਮਿਲ ਗਿਆ।

ਬਠਿੰਡੇ ਦੀ ਵੱਖੀ ਵਿਚ ਪੈਂਦੇ ਪਿੰਡ ਤਿਉਣੇ ਦਾ ਜੰਮਪਲ਼ ਦਰਸ਼ਨ ਨਿੱਕਾ ਹੁੰਦਾ ਸਕੂਲੀ ਪੜ੍ਹਾਈ ਵੀ ਕਰੀ ਗਿਆ, ਖੇਤੀ ਦੇ ਧੰਦਿਆਂ ਵਿਚ ਵੀ ਹੱਥ ਵਟਾਉਂਦਾ ਰਿਹਾ। ਉਸ ਨੇ ਹਾੜ੍ਹ ਦੀਆਂ ਲੋਆਂ ਵਿਚ ਵਣਾਂ ਦੀਆਂ ਪੀਲ੍ਹਾਂ ਵੀ ਖਾਧੀਆਂ, ਕਰੀਰਾਂ ਦੇ ਪੀਂਝੂ ਵੀ ਚੂਸੇ, ਮਲ੍ਹਿਆਂ ਦੇ ਖੱਟ-ਮਿੱਠੇ ਬੇਰ ਵੀ ਖਾਧੇ, ਡੇਲਿਆਂ ਤੇ ਤੁੱਕਿਆਂ ਦੇ ਅਚਾਰ ਦਾ ਜ਼ਾਇਕਾ ਵੀ ਲਿਆ, ਜੰਡ ਦੀਆਂ ਫਲ਼ੀਆਂ ਦਾ ਰੈਤਾ ਵੀ ਖਾਧਾ, ਹਾੜ੍ਹੀ ਵੱਢਦੇ ਨੇ ਪੋਹਲ਼ੀ ਦੀਆਂ ਸਿਲ਼ਤਾਂ ਦੀ ਪੀੜ ਵੀ ਝੱਲੀ, ਭੱਖੜੇ ਦੇ ਕੰਡਿਆਂ ਤੇ ਨੰਗੇ ਪੈਰ ਤੁਰਦੇ ਰਹੇ, ਕੱਪੜਿਆਂ ਨੂੰ ਅਲ਼ੇਹਾ ਅਤੇ ਨੰਗੀਆਂ ਲੱਤਾਂ ਨੂੰ ਪੁੱਠ-ਕੰਡਾ ਚਿੰਬੜਦਾ ਰਿਹਾ। ਕੱਤੇ ਦੀਆਂ ਰਾਤਾਂ ਦੀ ਠਾਰੀ ਵਿਚ ਨਹਿਰੀ ਪਾਣੀ ਲਾਉਣ ਵੇਲ਼ੇ ਬਾਪੂ ਕਹਿੰਦਾ ਹੁੰਦਾ ਸੀ ਕਿ ਵਗਦੇ ਪਾਣੀ ਵਿਚ ਰਹਿ, ਉਹ ਨਿੱਘਾ ਹੁੰਦੈ। ਉਸ ਨੇ ਬੰਜਰ ਜ਼ਮੀਨਾਂ ਵੀ ਵੇਖੀਆਂ, ਲਹਿਲਹਾਉਂਦੀਆਂ ਫਸਲਾਂ ਵੀ, ਸਣ ਵੀ ਕੱਢੀ, ਛੱਪੜ ਵਿਚ ਤੈਰਦੀਆਂ ਲੱਕੜਾਂ ਦੇ ਪੋਰਿਆਂ ਤੇ ਬੈਠ ਕੇ ਝੂਟੇ ਵੀ ਲਏ। ਕਹਿੰਦਾ ਜਦੋਂ ਰਾਤ-ਬਰਾਤੇ ਖੇਤ ਨੂੰ ਜਾਣਾ ਪੈਂਦਾ, ਸੁੰਨੀਆਂ ਥਾਵਾਂ ਵਿਚ ਦੀ ਲੰਘਣ ਵੇਲ਼ੇ ਉੱਚੀ-ਉੱਚੀ ਗਾ ਕੇ ਅੰਦਰਲਾ ਡਰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਇਸ ਭਾਂਤ-ਭਾਂਤ ਦੇ ਵਰਤਾਰੇ ਨੇ ਉਸ ਦੀ ਕਾਵਿ-ਸਮਰੱਥਾ ਨੂੰ ਕਈ ਪੱਖਾਂ ਤੋਂ ਅਮੀਰ ਕਰ ਦਿੱਤਾ। ਨਾ ਉਸ ਕੋਲ਼ ਢੁਕਵੇਂ ਸ਼ਬਦਾਂ ਦੀ ਘਾਟ ਹੈ, ਨਾ ਸਭਿਆਚਾਰਕ ਪੱਖ ਤੋਂ ਕੋਈ ਕਮੀ ਹੈ ਤੇ ਨਾ ਹੀ ਬੌਧਿਕ ਪੱਖ ਤੋਂ ਊਣ ਹੈ। ਉਸ ਦੀ ਇਸ ਜ਼ਰਖ਼ੇਜ਼ ਸਿਰਜਣ-ਭੂਮੀ ਚੋਂ ਜਦੋਂ ਗੀਤਾਂ ਦੀਆਂ ਤੂਈਆਂ ਫੁੱਟੀਆਂ ਤਾਂ ਉਨ੍ਹਾਂ ਦਾ ਰੰਗ ਗੂੜ੍ਹਾ ਸੀ। ਹੱਥੀਂ ਵੱਢੀ ਪੋਹਲ਼ੀ ਦੇ ਫੁੱਲ ਗੀਤਾਂ ਵਿਚ ਗੁਲਾਬ ਬਣ ਕੇ ਖਿੜੇ ਤਾਂ ਇਨ੍ਹਾਂ ਦੀ ਖ਼ੁਸ਼ਬੋਈ ਡੱਕੀ ਨਹੀਂ ਗਈ, ਦੂਰ-ਦੁਰਾਡੇ ਤੱਕ ਫੈਲ ਗਈ। ਨਿਆਣੇ ਦਰਸ਼ਨ ਨੂੰ ਪਤਾ ਵੀ ਨਹੀਂ ਸੀ ਹੁੰਦਾ ਕਿ ਜਦੋਂ ਉਹ ਘਰੇ ਫਿਰਦਾ ਮਸਤੀ ਵਿਚ ਆਪਮੁਹਾਰਾ ਗਾਉਂਦਾ ਹੁੰਦਾ ਸੀ ਤਾਂ ਗੁਆਂਢ ਦੀਆਂ ਕੁੜੀਆਂ ਕੱਤਰੀਆਂ ਓਧਰ ਕੰਧ ਨਾਲ਼ ਕੰਨ ਲਾ ਕੇ ਸੁਣਦੀਆਂ ਹੁੰਦੀਆਂ ਸਨ। ਪਿੰਡ ਦੀਆਂ ਬੀਹੀਆਂ, ਖੇਤਾਂ ਦੀਆਂ ਜੂਹਾਂ, ਕਾਲਜਾਂ ਅਤੇ ਸਭਾਵਾਂ ਦੇ ਵਿਹੜਿਆਂ ਨੂੰ ਗੂੰਜਣ ਲਾਉਣ ਵਾਲ਼ਾ ਇਹ ਸਾਊ ਮੁੰਡਾ ਸਾਫ਼-ਸੁਥਰੀ ਗੀਤਕਾਰੀ ਅਤੇ ਗਾਇਕੀ ਦਾ ਮੂੰਹ ਜ਼ੋਰ ਨਾਇਕ ਬਣ ਉੱਭਰਿਆ।

ਗੀਤ ਦਰਸ਼ਨ ਦੇ ਅੰਦਰੋਂ ਇਉਂ ਆਪਮੁਹਾਰੇ ਨਿਕਲਦੇ ਰਹੇ ਜਿਵੇਂ ਚੜ੍ਹਦੇ ਚੇਤ ਪਿੱਪਲਾਂ ਨੂੰ ਨਵੀਆਂ ਕਰੂੰਬਲਾਂ ਫੁਟਦੀਆਂ ਹਨ। ਗੀਤਾਂ ਦੇ ਬੋਲ ਉਸ ਦੇ ਕੰਠ ਚੋਂ ਇਉਂ ਕਿਰਨ ਲੱਗੇ ਜਿਵੇਂ ਹਵਾ ਦਾ ਬੁੱਲਾ ਆਏ ਤੋਂ ਬੇਰੀ ਦੇ ਪੱਕੇ ਬੇਰ ਕੜ-ਕੜ ਕਰ ਕੇ ਡਿਗਦੇ ਹਨ। ਕਿੰਨੇ ਹੀ ਅੱਲੇ ਗੀਤ ਉਸ ਦੇ ਪਿੰਡ ਅਤੇ ਕਾਲਜ ਦੀਆਂ ਫ਼ਿਜ਼ਾਵਾਂ ਵਿਚ ਗੂੰਜਦੇ ਹੋਏ ਪੌਣਾਂ ਦਾ ਹਿੱਸਾ ਬਣ ਗਏ। ਅੱਲ੍ਹੜ ਉਮਰੇ ਪੱਲ੍ਹਰਦੇ ਮਲ੍ਹਾਰ ਵੀ ਗੀਤ ਬਣ ਗਏ। ਸੱਚੇ-ਸੁੱਚੇ, ਸਵੇਰੇ ਵਗਦੀ ਪੁਰੇ ਦੀ ਵਾਅ ਵਰਗੇ ਸੱਜਰੇ, ਮੋਹ-ਭਿੱਜੇ, ਕੁਆਰੇ ਚਾਅ ਉਸ ਦੀ ਕਲਮ ਦੀ ਨੋਕ ਨੂੰ ਪ੍ਰਣਾਮ ਕਰ ਕੇ ਉਸ ਦੇ ਹੋਠਾਂ ਤੇ ਨੱਚਣ ਲੱਗੇ। ਨਾਲ਼ ਹੀ ਨੱਚਣ ਲੱਗੇ ਮੋਹ-ਵੰਤੇ ਪਿਆਰੇ ਸ੍ਰੋਤੇ।

ਦਰਸ਼ਨ ਉਸ ਸਮੇਂ ਦੇ ਮੋਹਰੀ ਗਾਇਕਾਂ -ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ, ਕੁਲਦੀਪ ਮਾਣਕ, ਗੁਰਦਾਸ ਮਾਨ ਵਰਗੇ ਗਾਇਕਾਂ ਨੂੰ ਮਨ ਲਾ ਕੇ ਸੁਣਦਾ ਰਿਹਾ। ਹਾਕਮ ਸੂਫ਼ੀ ਦੀ ਸੰਗਤ ਵੀ ਕੀਤੀ। ਪਰ ਉਸ ਦੀ ਗੀਤ ਸਿਰਜਣਾ ਕਿਸੇ ਦੇ ਪ੍ਰਭਾਵ ਅਧੀਨ ਨਹੀਂ ਹੋਈ। ਉਸ ਦਾ ਆਪਣਾ ਮੁਹਾਵਰਾ ਤੇ ਆਪਣਾ ਅੰਦਾਜ਼ ਹੈ। ਹਾਕਮ ਸੂਫ਼ੀ ਦੀ ਮੱਤ ਉਸ ਨੇ ਪੱਲੇ ਬੰਨ੍ਹ ਲਈ ਕਿ ਦੂਹਰੇ ਅਰਥਾਂ ਵਾਲ਼ੇ ਜਾਂ ਗੁੰਝਲ਼ਦਾਰ ਸ਼ਬਦਾਂ ਤੋਂ ਗੁਰੇਜ਼ ਕਰਨਾ ਹੈ। ਦਰਸ਼ਨ ਤਿਉਣੇ ਦੇ ਗੀਤਾਂ ਵਿਚ ਉਸ ਦੇ ਪਿੰਡਾਂ ਦੇ ਸਾਦ-ਮੁਰਾਦੇ ਲੋਕਾਂ ਵਰਗੀ ਸਾਦਗੀ ਹੈ, ਉਸ ਦੇ ਉੱਚੇ-ਸੁੱਚੇ ਸਭਿਆਚਾਰ ਦੀ ਸੱਚਾਈ ਹੈ, ਨੇੜੇ ਵਗਦੀ ਨਹਿਰ ਦੇ ਪਾਣੀ ਵਰਗੀ ਸੁੱਚਤਾ ਤੇ ਰਵਾਨੀ ਹੈ, ਸਣ ਦੀਆਂ ਸੁੱਕੀਆਂ ਫਲ਼ੀਆਂ ਦੀ ਛਣਕਾਰ ਵਰਗਾ ਸੰਗੀਤ ਹੈ, ਗੰਨੇ ਦੇ ਰਹੁ ਵਰਗੀ ਤਾਜ਼ਾ ਮਿਠਾਸ ਹੈ, ਉਸ ਸਮੇਂ ਦੀਆਂ ਫਸਲਾਂ - ਮੋਠ, ਬਾਜਰਾ, ਮਤੀਰੇ, ਖ਼ਰਬੂਜ਼ੇ, ਜੁਆਰ, ਗੁਆਰਾ, ਕਣਕ, ਜੌਂ, ਛੋਲੇ, ਸਰ੍ਹੋਂ, ਤਾਰਾਮੀਰਾ, ਨਰਮਾ-ਕਪਾਹ, ਤਿਲ਼ ਅਤੇ ਅਰਹਰ ਵਰਗੀ ਵੰਨ-ਸੁਵੰਨਤਾ ਹੈ, ਅਧ-ਪੱਕੇ ਛੋਲਿਆਂ ਦੀਆਂ ਹੋਲ਼ਾਂ ਵਰਗਾ ਸੁਆਦ ਹੈ, ਨਿਆਈਂ, ਮੈਰੇ ਅਤੇ ਰੋਹੀ ਦੀਆਂ ਜ਼ਮੀਨਾਂ ਦੀ ਮਹਿਕ ਹੈ।

ਦਰਸ਼ਨ ਤਿਉਣੇ ਦੀ ਪਹਿਲੀ ਪੁਸਤਕ ਕਾਨਿਆਂ ਦੀ ਕੁੱਲੀ2012 ਵਿਚ ਗੀਤ ਪ੍ਰਕਾਸ਼ਨ ਨੇ ਛਾਪੀ ਸੀ ਜਿਸ ਵਿਚ ਤਕਰੀਬਨ 43 ਗੀਤ, ਕੁੱਝ ਟੱਪੇ, ਬੋਲੀਆਂ ਅਤੇ ਸ਼ਿਅਰ ਦੇ ਸਿਰਲੇਖ ਹੇਠ ਵੱਖੋ-ਵੱਖ ਵੰਨਗੀਆਂ, ਬਹਿਰਾਂ ਅਤੇ ਤਰਜ਼ਾਂ ਦੀਆਂ ਰਚਨਾਵਾਂ ਹਨ। ਲਿਖਾਰੀਆ ਦੀ ਪ੍ਰਚੱਲਤ ਰਵਾਇਤ ਮੁਤਾਬਕ ਪਹਿਲਾ ਗੀਤ ਚਰਨ-ਬੰਦਨਾ ਵਜੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਹੈ - ਦਾਦੀ ਤੇਰੇ ਲਾਡਲੇ ਨਾ ਮੌਤੋਂ ਡਰਦੇ। ਇਸ ਤੋਂ ਅਗਲੇ ਗੀਤ ਦਾ ਮੁਖੜਾ ਹੈ - ਜਿੱਥੇ ਰੱਖੇ ਰੱਬ, ਰਹਿਣਾ ਪੈਂਦੈ। ਇਸ ਤੋਂ ਅਗਲੇ ਬਹੁਤੇ ਗੀਤ ਪਿਆਰ-ਪਰੁੰਚੀ ਰੂਹ ਦੀ ਆਬਸ਼ਾਰ ਹਨ। ਇੱਕ ਗੀਤ ਰਾਹੀਂ ਤਾਂ ਉਸ ਦੇ ਕੰਵਾਰੇ ਚਾਅ ਵੇਲ ਵਾਂਗ ਵਿਰਲਾਂ ਵਿਚਦੀ ਤੰਦ ਕੱਢਦੇ ਹਨ। ਪਿਆਰ ਦੀ ਇਸ ਅੱਚਵੀ ਦੀ ਅਵਸਥਾ ਇਉਂ ਬਿਆਨ ਕੀਤੀ ਹੈ - ਗਲ਼ੀ ਚੋਂ ਜਾਂਦਾ ਦਰਸ਼ਨ \ ਮਰਨਾ ਵੇਖੇ ਵਿਰਲਾਂ ਥਾਣੀ। (ਜਾਹ ਵੇ ਪਰ੍ਹਾਂ)। ਕਿਤੇ ਉਹ ਇਸ਼ਕ-ਮਿਜ਼ਾਜ਼ੀ ਦੀ ਹਕੀਕਤ ਦੱਸਦਾ ਪਿਆਰ ਦੇ ਕੁਦਰਤੀ ਤੇ ਅਰੋਕ ਵੇਗ ਨੂੰ ਬੇਬਾਕੀ ਨਾਲ਼ ਚੁਸਤ ਫ਼ਿਕਰਿਆ ਰਾਹੀਂ ਪੇਸ਼ ਕਰ ਜਾਂਦਾ ਹੈ - ਰੁੱਖਾਂ ਨੂੰ ਕਰੂੰਬਲਾਂ ਤੇ ਮਸਤ ਜਵਾਨੀਆਂ \ ਆਉਣ ਜਦੋਂ ਹੁੰਦੀਆਂ ਨੇ ਫੇਰ ਛੇੜਖ਼ੀਨੀਆਂ \ ਟੁੱਟ ਜਾਣ ਜਤੀ-ਸਤੀ ਲੋਕਾਂ ਦੇ ਗ਼ਰੂਰ ਨੀਂ। (ਕਣਕਾਂ ਨੂੰ ਬੱਲੀਆਂ)। ਪਿਆਰ ਦੇ ਮਾਮਲੇ ਭਾਰੀ ਪੈ ਜਾਂਦੇ ਹਨ ਜਦੋਂ ਮਿਲਾਪ ਦੇ ਰਾਹ ਵਿਚ ਗ਼ਰੀਬੀ ਰੋੜਾ ਤੇ ਮਜਬੂਰੀ ਬਣ ਜਾਂਦੀ ਹੈ - ਨੀ ਇੱਕ ਤੇਰੀ ਖੰਗ ਨੇ ਮਾਰ ਲਿਆ \ ਜੇਬ ਦੇ ਨੰਗ ਨੇ ਮਾਰ ਲਿਆ \ ...ਨਿੱਤ ਦੀ ਮੰਗ ਨੇ ਮਾਰ ਲਿਆ। (ਇੱਕ ਤੇਰੀ ਸੰਗ ਨੇ ਮਾਰ ਲਿਆ)। ਗੀਤ ਵੇ ਮਾਹੀਆ ਵੇ ਮਾਹੀਆ ਵਿਚ ਚੂੜੇ ਵਾਲ਼ੀ ਨਾਰ ਦੀਆਂ ਸੱਧਰਾਂਚੋਂ ਉਪਜਦੀਆਂ ਅਰਜੋਈਆਂ ਦਿਲਾਂ ਨੂੰ ਟੁੰਬਦੀਆਂ ਹਨ। ਉਡੀਕਦਾ ਰਿਹਾ ਵਿਚ ਪੰਜਾਬੀ ਮੁਹਾਵਰੇ ਵਰਤ ਕੇ ਅੰਦਰਲੇ ਦਰਦ ਨੂੰ ਗੀਤ ਵਿਚ ਬਾ-ਖ਼ੂਬੀ ਪ੍ਰੋ ਦਿੱਤਾ ਹੈ। ਲਗਦਾ ਹੈ ਕਿਤੇ ਖੇਤਾਂ ਵਿਚ ਕੰਮ ਧੰਦਾ ਕਰਦਾ ਦਰਸ਼ਨ ਸੱਚੀਓਂ ਭੱਖੜੇ ਵਾਲ਼ੀ ਥਾਂ ਤੇ ਪੈ ਗਿਆ ਹੋਵੇ, ਨਹੀਂ ਤਾਂ ਹੋਰ ਕਿਸੇ ਨੂੰ ਅਜਿਹਾ ਮੈਟਾਫਰ ਨਹੀਂ ਅਹੁੜ ਸਕਦਾ - ਮੈਂ ਭੱਖੜੇ ਦੇ ਕੰਡਿਆਂ ਤੇ \ ਰਾਤ ਕੱਟ ਲਈ ਵੈਰੀਆ ਸਾਰੀ।



ਮਾਂ ਨੂੰ ਯਾਦ ਕਰਨ ਵੇਲ਼ੇ ਬਹੁਤ ਵੱਡੀ ਸਚਾਈ ਬੈਂਤ ਦੀਆਂ ਸਤਰਾਂ ਬਣ ਜਾਂਦੀ ਹੈ - ਤੇ ਦਰਸ਼ਨ ਤਿਉਣਿਆਂ ਹੋਰ ਨਾ ਕਿਤੋਂ ਮਿਲਦਾ \ ਓਹ ਮਿਲੇ ਪਿਆਰ ਜੋ ਮਾਂ ਦੀਆਂ ਲੋਰੀਆਂ ਤੋਂ। ਮਾਂ ਦਾ ਵਿਗੋਚਾ ਉਸ ਨੂੰ ਬੀਤੇ ਦਿਨਾਂ ਦੀ ਯਾਦ ਕਰਾਉਂਦਾ ਹੈ - ਚੁੱਲ੍ਹਿਆਂ ਦੀ ਅੱਗ ਤੇ ਪਤੀਲਾ ਕਾਲ਼ਾ ਕਰਨਾ \ ਭੰਨ ਕੇ ਸ਼ਕਰਕੰਦੀ ਖਾਣ ਪਿੱਛੇ ਲੜਨਾ \ ਐਹੋ ਜਿਹੀਆਂ ਗੱਲਾਂ ਮੈਥੋਂ ਹੁੰਦੀਆਂ ਭੁਲਾ ਨਾ। (ਲੋਕਾਂ ਚ ਅਮੀਰ ਮਾਏ)। ਬਾਬੂ ਰਜਬ ਅਲੀ ਖ਼ਾਨ ਦੇ ਕਬਿੱਤਾਂ ਵਾਂਗ ਦਰਸ਼ਨ ਦੇ ਜ਼ਿਆਦਾ ਸ਼ੇਅਰ ਉਪਦੇਸ਼ਾਤਮਿਕ ਹਨ। ਜੋ ਸਿਆਣਿਆਂ ਦੀਆਂ ਗੱਲਾਂ ਦੇ ਤੱਤ ਪੀੜ੍ਹੀ-ਦਰ-ਪੀੜ੍ਹੀ ਉਸ ਤੱਕ ਪਹੁੰਚੇ, ਉਨ੍ਹਾਂ ਨੂੰ ਕਲਮਬੰਦ ਕਰ ਦਿੱਤਾ। ਮਿਸਾਲ ਵਜੋਂ - ਲੋਕਾਂ ਵੱਲੋਂ ਡਰਦੇ ਨੂੰ \ ਭੁੱਖ ਨਾਲ਼ ਮਰਦੇ ਨੂੰ \ ਸਤੇ ਨੂੰ ਸਤਾਣਾ ਚੰਗਾ ਨਹੀਂ ਵੇ। (ਪੀ ਕੇ ਡਿੱਗ ਜਾਵਾਂ)।

- ਉਹ ਆਲ੍ਹਣੇ ਨਾ ਸੋਂਹਦੇ ਜਿੱਥੇ ਹੋਣ ਨਾ ਪਰਿੰਦੇ। (ਐਵੇਂ ਧੌਂਸ ਨਾ ਵਿਖਾ)।

-ਕਿਸੇ ਧੀ ਭੈਣ ਦੀ ਜਾਂ ਬੁਰੀ ਗੱਲ ਹੋਵੇ ਦਰਸ਼ਨ, \ ਸੁਣੀਏਂ ਜ਼ਰੂਰ ਪਰ ਦੱਸਣਾ ਨੀ ਚਾਹੀਦਾ।

ਦਰਸ਼ਨ ਦੇ ਗੀਤਾਂ ਵਿਚ ਸਾਹਿਤਕ ਤੱਤ ਮੌਜੂਦ ਹਨ। ਕਈ ਗੀਤਾਂ ਦੀ ਸ਼ਬਦਾਵਲੀ, ਸ਼ਬਦਾਂ ਦੀ ਚੋਣ, ਵਾਕ-ਬਣਤਰ, ਰਵਾਨੀ ਤੇ ਬਹਿਰ ਪ੍ਰੌਢ ਗੀਤਕਾਰਾਂ ਬਾਬੂ ਸਿੰਘ ਮਾਨ ਅਤੇ ਸੰਤ ਰਾਮ ਉਦਾਸੀ ਦੀਆਂ ਸਤਰਾਂ ਦਾ ਭੁਲੇਖਾ ਪਾਉਂਦੀ ਹੈ। ਉਸ ਦਾ ਇਹ ਕਾਵਿਕ ਗੁਣ ਉਸ ਦੇ ਹੁਣ ਲਿਖੇ ਜਾ ਰਹੇ ਗੀਤਾਂ ਵਿਚ ਹੋਰ ਵੀ ਉੱਘੜ ਕੇ ਸਾਹਮਣੇ ਆਵੇਗਾ ਜੋ ਉਸ ਦੀ ਜਲਦ ਹੀ ਛਪਣ ਵਾਲ਼ੀ ਕਿਤਾਬ ਦੇ ਖਰੜੇ ਵਿਚ ਮੌਜੂਦ ਹਨ। ਫ਼ਿਲਹਾਲ ਹਥਲੀ ਕਿਤਾਬ ਵਿੱਚੋਂ ਕੁੱਝ ਨਮੂਨੇ ਜ਼ਿਕਰਯੋਗ ਹਨ - ਮੈਂ ਪੁੱਛ ਬੈਠੀ ਉਹ ਕੌਣ ਕੁੜੇ \ ਜੀਹਦੀ ਵਾਂਗ ਸੁਰਾਹੀ ਧੌਣ ਕੁੜੇ \ ਉਹ ਤੇ ਮਸਤ ਪੁਰੇ ਦੀ ਪੌਣ ਕੁੜੇ। (ਇੱਕ ਹਾਣ ਦਾ ਮੁੰਡਾ)।

- ਕੱਚੇ ਕੋਠਿਆਂ ਦੀ ਯਾਦ ਕੱਚੇ ਪਿਆਰ ਵਰਗੀ \ ਕਿਤੇ ਕੁੱਕੜਾਂ ਦੀ ਵਾਂਗ ਕਿਤੇ ਵੇਲ਼ਾ ਸਰਘੀ \ ਦੂਰ ਪਿੰਡਾਂ ਦੀਆਂ ਜੂਹਾਂ, ਮਸਾਂ ਟੱਪੀਆਂ ਬਰੂਹਾਂ। (ਬੜਾ ਦਰਦ ਹੋਇਆ)।

- ਮੈਂ ਤਾਰਾ ਨਹੀਂ ਜੋ ਟੁੱਟ ਜਾਂਗੀ \ ਮੈਂ ਵਾਟ ਨਹੀਂ ਜੋ ਮੁੱਕ ਜਾਂਗੀ \ ਤੇਰੇ ਇਸ਼ਕ ਦੀ ਵੇਲ ਹਾਂ ਵੇ ਸੱਜਣਾ \ ਜੇ ਤੂੰ ਨਾ ਮਿਲਿਆ ਮੈਂ ਸੁੱਕ ਜਾਂਗੀ। (ਮੈਂ ਤਾਰਾ ਨਹੀਂ)।

- ਮੈਂ ਗ਼ਜ਼ਲ ਹਾਂ ਮਿੱਠੇ ਸ਼ਬਦਾਂ ਦੀ ....ਮੈਂ ਨੀਂਦਰ ਉਨ੍ਹਾਂ ਅੱਖੀਆਂ ਦੀ। (ਮੈਂ ਤਾਰਾ ਨਹੀਂ)।

ਇੱਥੇ ਵਰਤੇ ਗਏ ਮੈਟਾਫਰ ਧਿਆਨ ਦੇਣ ਯੋਗ ਹਨ।

ਦਰਸ਼ਨ ਸਮਾਜਿਕ ਸਰੋਕਾਰਾਂ ਤੋਂ ਅਣ-ਭਿੱਜ ਨਹੀਂ। ਰਿਸ਼ਤਿਆਂ ਵਿਚ ਆਏ ਨਿਘਾਰ ਅਤੇ ਸਮਾਜਿਕ ਬੁਰਾਈਆਂ ਨੂੰ ਨੰਗਾ ਵੀ ਕਰਦਾ ਹੈ ਅਤੇ ਲੋੜੀਂਦੇ ਸੁਧਾਰ ਲਈ ਯਤਨ ਕਰਨ ਦੀ ਲੋਚਾ ਵੀ ਰੱਖਦਾ ਹੈ। ਉਸ ਦੇ ਕਹਿਣ ਦਾ ਅੰਦਾਜ਼ ਵੀ ਵੱਖਰਾ ਹੈ - ਦਾਜ ਵਾਲ਼ੇ ਸੱਪ ਨੇ ਕੁੱਖਾਂ ਚ ਧੀਆਂ ਡੰਗੀਆਂ \ ਲੱਭ ਕੋਈ ਨੁਸਖਾ ਏਹ ਨਾਗ ਮਰਵਾਉਣ ਦਾ। (ਕਰ ਉਪਰਾਲਾ)।

ਮਾਂ ਬੋਲੀ ਦੇ ਮੋਹ ਅਤੇ ਲਗਾਉ ਬਾਰੇ ਫ਼ਿਕਰਮੰਦ ਇਸ ਲਈ ਵੀ ਹੈ ਕਿ ਪੰਜਾਬ ਦੇ ਮੁੰਡੇ ਕੁੜੀਆਂ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ ਜਿਸ ਨਾਲ਼ ਪੰਜਾਬੀ ਬੋਲੀ ਦੇ ਸਿਮਟਣ ਦਾ ਖ਼ਤਰਾ ਪੈਦਾ ਹੋ ਰਿਹਾ ਹੈ। ਹਿਜਰਤ ਦੇ ਰੁਝਾਨ ਨੂੰ ਆਪਣੇ ਗੀਤਾਂ ਰਾਹੀਂ ਦਰਸਾ ਕੇ ਇਸ ਦੇ ਨਤੀਜਿਆਂ ਪ੍ਰਤੀ ਸੁਚੇਤ ਕਰਨ ਦਾ ਯਤਨ ਕੀਤਾ ਹੈ -

- ਐ ਧਰਮਾਂ ਦੇ ਰਾਖਿਓ ਬੋਲੀ ਵੀ ਖੁੱਸ ਜਾਵੇ ਨਾ \ ਹਰ ਬੰਦਾ ਸੋਚੇ ਬੱਚੇ ਬਾਹਰ ਭਿਜਵਾਉਣ ਦਾ। (ਕਰ ਉਪਰਾਲਾ)।

- ਦਰਸ਼ਨਾ ਜੇ ਭੁੱਲਿਆ ਤਾਂ ਹੋ ਜੂ ਬਰਬਾਦੀ ਤੇਰੀ \ ਸੁਣ ਵੇ ਪੰਜਾਬੀਆ ਮੈਂ ਹਾਂ ਪੰਜਾਬੀ ਤੇਰੀ। (ਸੁਣ ਵੇ ਪੰਜਾਬੀਆ)।

ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ ਬੇਰੁਜ਼ਗਾਰੀ ਸਦਕਾ ਹਿਜਰਤ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਿਆਸੀ ਆਗੂਆਂ, ਹਾਕਮਾਂ, ਸਰਮਾਏਦਾਰਾਂ ਤੇ ਅਫਸਰਸ਼ਾਹਾਂ ਦੇ ਲੋਭੀ ਲਾਣੇ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਇਸ ਰੁਝਾਨ ਬਾਰੇ ਸੰਕੇਤ ਵੀ ਹੈ, ਚਿਤਾਵਨੀ ਵੀ - ਲੁੱਟ-ਪੁੱਟ ਲਈਆਂ ਚੋਰਾਂ ਰਲ਼ ਕੇ ਅਜ਼ਾਦੀਆਂ \ਬਾਹਰਲੇ ਮੁਲਕ ਫਿਰ ਮੱਲ ਲਏ ਪੰਜਾਬੀਆਂ \ ਜਦੋਂ ਮੁੱਲ ਮਿਲਿਆ ਨਾ ਲਿਖੀ ਹੋਈ ਫੱਟੀ ਦਾ। (ਆਪਣੇ ਬੇਗਾਨੇ ਦਾ ਫ਼ਰਕ)। ਧਿਆਨਯੋਗ ਹੈ ਕਿ ਇੱਥੇ ਲਿਖੀ ਹੋਈ ਫੱਟੀ ਦਾ ਮੈਟਾਫਰ ਪੜ੍ਹੇ ਲਿਖੇ ਵਰਗ ਲਈ ਵਰਤਿਆ ਗਿਆ ਹੈ ਜੋ ਗੀਤਕਾਰ ਦਾ ਕਮਾਲ ਦਾ ਹੁਨਰ ਹੈ। ਇਸ ਤਰ੍ਹਾਂ ਉਹ ਤੁਕਾਂਤ ਵੀ ਮੇਲ ਗਿਆ ਅਤੇ ਗੁੱਝੀ ਗੱਲ ਵੀ ਕਰ ਗਿਆ। ਗੀਤ ਸੱਸੇ ਨੀ ਤੇਰਾ ਲਾਡਲਾ ਰਾਹੀਂ ਪਰਿਵਾਰਿਕ ਜੀਵਨ ਦੇ ਆਮ ਵਰਤਾਰੇ ਲਈ ਮਿੱਠੇ ਨਿਹੋਰੇ ਵੀ ਮਾਰੇ ਗਏ ਹਨ ਅਤੇ ਗੀਤਕਾਰ ਦੀ ਪ੍ਰਗਤੀਸ਼ੀਲ ਵਿਚਾਰਾਂ ਪ੍ਰਤੀ ਵਚਨਵੱਧਤਾ ਵੀ ਪ੍ਰਗਟ ਕੀਤੀ ਗਈ ਹੈ - ਉਂਝ ਦਿਲ ਦਾ ਨਹੀਉਂ ਮਾੜਾ ਰੱਖਦਾ ਏ ਸੋਚ ਉਸਾਰੂ \ ਸੱਸੇ ਨੀ ਤੇਰਾ ਲਾਡਲਾ ਹੈ ਸੌ ਪੱਤਣਾਂ ਦਾ ਤਾਰੂ। ਉਸ ਦੇ ਗੀਤਾਂ ਅਤੇ ਸ਼ਿਅਰਾਂ ਵਿਚ ਸੂਫ਼ੀਆਨਾ ਰੰਗ ਵੀ ਮਿਲਦਾ ਹੈ - ਮੈਂ ਖੋਜਾਂ ਮੇਰੇ ਦਿਲਬਰ ਤਾਈਂ ਪਰ ਲੋਕੀਂ ਕਹਿਣ ਕਲੱਲੀ \ ਔਗੁਣਹਾਰੀ ਦੇ ਔਗੁਣਬਖ਼ਸ਼ ਕੇ \ ਤੂੰ ਕਰਦੇ ਨਿਗਾਹ ਸਵੱਲੀ। ਮੈਂ ਕਾਂਗਿਆਰੀਗੀਤ ਰਾਹੀਂ ਜਿਸ ਬਾਰੀਕਬਾਨੀ ਨਾਲ਼ ਕਾਂਗਿਆਰੀ ਦੇ ਪ੍ਰਭਾਵ ਨੂੰ ਉਦਾਹਰਣ ਵਜੋਂ ਵਰਤ ਕੇ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਖੇਤਰਾਂ ਵਿਚ ਪੈਦਾ ਹੋਏ ਮਾਰੂ ਅਨਸਰਾਂ ਵੱਲ ਗੁੱਝਾ ਇਸ਼ਾਰਾ ਹੈ, ਉਹ ਇਸ ਗੀਤਕਾਰ ਦਾ ਹਾਸਲ ਹੈ -

ਮੈਂ ਕਾਂਗਿਆਰੀ ਕਣਕ ਵੇ ਦਰਸ਼ਨ \ ਕੰਮ ਕਿਸੇ ਨਾ ਆਈ \ ਬੰਦਿਆਂ ਨੇ ਮੂੰਹ ਲਾਉਣਾ ਕੀ ਸੀ \ ਪਸ਼ੂਆਂ ਵੀ ਠੁਕਰਾਈ \ ਰੂਪੋਂ ਮੈਂ ਵਟਰੂਪਣ ਹੋਈ \ ਖ਼ੈਰੀ ਖ਼ੈਰ ਨਾ ਲੈਂਦੇ \ .... ਮੈਂ ਕਾਂਗਿਆਰੀ ਕਣਕ ਵੇ ਮਾਹੀਆ \ ਬੀਜਾਂ ਦੇ ਲਈ ਵਰਤੀ \ ਚਾਰੇ ਕੰਨੀਆਂ ਰਹਿ ਗਈਆਂ ਖਾਲੀ \ ਫੁੱਟ ਫੁੱਟ ਰੋਈ ਧਰਤੀ।


ਦਰਸ਼ਨ ਨੂੰ ਲਿਖਣ ਤੇ ਗਾਉਣ ਦੀ ਤਾਂਘ ਰਹਿੰਦੀ ਹੈ, ਇਹ ਉਸ ਦੇ ਜੀਵਨ ਦਾ ਖਾਸ ਮਕਸਦ ਹੈ। ਉਹ ਕਿਉਂ ਲਿਖਦਾ ਹੈ, ਕਿਉਂ ਗਾਉਂਦਾ ਹੈ, ਇੱਕ ਬੋਲੀ ਵਿਚ ਇਉਂ ਆਪਣਾ ਅੰਦਰ ਫਰੋਲ਼ਦਾ ਹੈ - ਥੋੜ੍ਹਾ ਥੋੜ੍ਹਾ ਮੈਂ ਬੋਲਣ ਜਾਣਦਾ ਥੋੜ੍ਹੀ ਕਲਮ ਘਸਾਵਾਂ \ ਦਿਲ ਦੇ ਵਿਚ ਉਮੰਗ ਹੈ ਰਹਿੰਦੀ ਯਾਰਾਂ ਲਈ ਕੁੱਝ ਗਾਵਾਂ \ ਐਸਾ ਕੋਈ ਕੰਮ ਕਰ ਜਾਂ ਲੋਕੋ ਵਿਚ ਦਿਲੇ ਵਸ ਜਾਵਾਂ \ ਦਰਸ਼ਨ ਤਿਉਣੇ ਦਾ, ਲਭਦੇ ਫਿਰੋ ਸਿਰਨਾਵਾਂ। ਦਰਸ਼ਨ ਤਿਉਣੇ ਦਾ..। ਸੱਚਮੁੱਚ ਉਸ ਦੀ ਇਹ ਤਮੰਨਾ ਤਾਂ ਪੂਰੀ ਹੋ ਹੀ ਗਈ ਲਗਦੀ ਹੈ। ਜਦੋਂ ਕੈਨੇਡਾ ਦੀ ਮਹਾਂਨਗਰੀ ਕੈਲਗਰੀ ਦੀਆਂ ਪ੍ਰਮੁੱਖ ਸਭਾਵਾਂ ਵਿਚ ਆਪਣੀ ਗਾਇਕੀ ਦਾ ਜਾਦੂ ਬਿਖੇਰ ਕੇ ਹਟਦਾ ਹੈ ਤਾਂ ਉਸ ਦੁਆਲ਼ੇ ਉਸ ਦਾ ਫੋਨ ਨੰਬਰ ਲੈਣ ਵਾਲ਼ਿਆਂ ਦਾ ਝੁਰਮਟ ਪੈ ਜਾਂਦਾ ਹੈ। ਦਰਸ਼ਨ ਆਪਣੀ ਕਿਸਮ ਦਾ ਨਿਵੇਕਲਾ ਗੀਤਕਾਰ ਹੈ। ਉਸ ਦੇ ਗੀਤ ਉਸ ਦੀ ਆਪਣੀ ਸਿਰਜੀ ਹੋਈ ਤਰਜ਼ ਅਤੇ ਬਹਿਰ ਵਿਚ ਹੁੰਦੇ ਹਨ। ਉਸ ਨੂੰ ਗੀਤ ਦੇ ਮੀਟਰ ਦੀ ਪੂਰੀ ਸੋਝੀ ਹੈ। ਪਿੰਗਲ ਦੇ ਨੇਮਾਂ ਵਿਚ ਲੋੜ ਮੁਤਾਬਕ ਖੁੱਲ੍ਹ ਲੈਂਦਾ ਹੈ। ਉਸ ਦੇ ਗੀਤਾਂ ਵਿੱਚੋਂ ਦੂਹਰੇ ਅਰਥ ਜਾਂ ਅਸ਼ਲੀਲਤਾ ਗ਼ਾਇਬ ਹੈ। ਉਸ ਦੇ ਗੀਤ ਨਰੋਏ ਸਮਾਜ ਦਾ ਸੱਚਾ-ਸੁੱਚਾ ਲਿਸ਼ਕਦਾ ਸ਼ੀਸ਼ਾ ਹਨ। ਉਸ ਦੀ ਆਵਾਜ਼ ਵਿਚ ਸੋਜ਼ ਹੈ, ਉਤਾਰ-ਚੜ੍ਹਾਅ ਹੈ, ਸ਼ਬਦਾਂ ਨੂੰ ਨਿਖੇੜ ਕੇ ਕਹਿਣ ਦੀ ਮੁਹਾਰਤ ਹੈ। ਉਸ ਦੇ ਕੰਠ ਵਿਚ ਸਰੱਸਵਤੀ ਦਾ ਵਾਸ ਹੈ ਜਿਸ ਨੂੰ ਯੂਨਾਨੀ ਸਭਿਅਤਾ ਵਿਚ ਮਿਊਜ਼ ਕਹਿੰਦੇ ਹਨ। ਉਸ ਨੂੰ ਸੁਰਾਂ, ਰਾਗਾਂ ਤੇ ਤਰਜ਼ਾਂ ਦੀ ਲੋੜੀਂਦੀ ਸਮਝ ਹੈ। ਬਹਿਰ, ਵਜ਼ਨ, ਮਾਤਰਾ, ਨਾਪ-ਤੋਲ ਪੱਖੋਂ ਸੁਚੇਤ ਹੈ। ਸ਼ਬਦਾਂ ਦੀ ਚੋਣ ਅਤੇ ਜੜਤ ਦੀ ਜੁਗਤ ਹੈ ਜਿਵੇਂ ਮਾਹਿਰ ਕਾਰੀਗਰ ਨਿੱਕੀਆਂ ਇੱਟਾਂ ਚਿਣ-ਘੜ ਕੇ ਆਲ਼ੇ, ਜਾਲ਼ੀਆਂ ਬਣਾਉਂਦਾ ਹੈ। ਇਹ ਜੜਤ ਉਸ ਦੇ ਗਾਉਣ ਦੇ ਹਿਸਾਬ ਨਾਲ਼ ਸਹੀ ਬੈਠਦੀ ਹੈ।

ਹੋਰ ਮਿਹਨਤ ਅਤੇ ਅਭਿਆਸ ਇਸ ਤਕਨੀਕ ਨੂੰ ਵਧੇਰੇ ਨਿਖਾਰਨਗੇ। ਉਸ ਦੇ ਵਿਚਾਰ, ਉਸ ਦੇ ਖਿਆਲ, ਉਸ ਦੀ ਕਾਵਿ-ਸੰਵੇਦਨਾ, ਉਸ ਦੀ ਰਚਨਾਤਮਿਕ ਕ੍ਰਿਆ, ਉਸ ਦੇ ਗੀਤਾਂ ਦੀ ਪ੍ਰਕ੍ਰਿਤੀ ਅਤੇ ਉਸ ਦੀ ਗਾਇਕੀ ਦੀ ਆਪਣੀ ਤੇ ਨਿਵੇਕਲੀ ਪਹਿਚਾਣ ਹੈ, ਜੋ ਉਸ ਦੇ ਜੀਵਨ ਦੀ ਸੰਘਰਸ਼ਮਈ ਕਮਾਈ ਅਤੇ ਸਪਸ਼ਟ ਸੋਚ ਦੀ ਦੇਣ ਹੈ।

ਦਰਸ਼ਨ ਗੀਤਕਾਰੀ ਅਤੇ ਗਾਇਕੀ ਦੇ ਉਸ ਮੁਕਾਮ ਤੇ ਪਹੁੰਚ ਗਿਆ ਹੈ ਜਿੱਥੇ ਉਸ ਅੰਦਰ ਸਮਾਜ ਦੇ ਸਰੋਕਾਰਾਂ ਅਤੇ ਸਿਹਤਮੰਦ ਸੇਧ ਦੇਣ ਵਾਲ਼ੇ ਗੀਤਾਂ ਦੀ ਸੰਭਾਵਨਾ ਜ਼ੋਰਦਾਰ ਰੂਪ ਵਿਚ ਮੌਜੂਦ ਹੈ। ਉਹ ਇਸ ਸ਼ੌਕ ਜਾਂ ਕਿੱਤੇ ਨੂੰ ਆਪਣਾ ਓਟ-ਆਸਰਾ ਮੰਨਦਾ ਹੈ, ਤਾਂਹੀਓਂ ਏਨੀ ਸ਼ਿੱਦਤ ਨਾਲ਼ ਲਿਖ ਤੇ ਗਾ ਲੈਂਦਾ ਹੈ। ਇਸੇ ਲਈ ਤਾਂ ਇਸ ਕਸਬ ਨੂੰ ਕਾਨਿਆਂ ਦੀ ਕੁੱਲੀ ਸਮਝ ਕੇ ਕਿਤਾਬ ਦਾ ਨਾਂ ਇਹੋ ਰੱਖ ਦਿੱਤਾ ਹੈ ਜੋ ਬਿਲਕੁਲ ਢੁਕਵਾਂ ਹੈ। ਇਸ ਕੁੱਲੀ ਵਿਚ ਬੈਠ ਕੇ ਵਕਤ ਗੁਜ਼ਾਰਨਾ ਉਸ ਦੇ ਹਿੱਸੇ ਆਇਆ ਹੈ - ਇਨ੍ਹਾਂ ਕੱਖ-ਕਾਨਿਆਂ ਦੀ ਕੁੱਲੀ ਜੀ ਬਣਾ ਕੇ ਕਦੇ \ ਵਿਚ ਬਹਿ ਕੇ ਤੇਰੇ ਜਿਹੀ ਦਿਨ ਕੱਟ ਲੈਂਦੀ ਐ।

ਦਰਸ਼ਨ ਨੂੰ ਸਾਫ਼ ਸੁਥਰੀ ਗਾਇਕੀ ਦੇ ਸ੍ਰੋਤਿਆਂ ਦੀ ਘਾਟ ਅੱਖਰਦੀ ਹੈ, ਉਸ ਨੂੰ ਮੌਜੂਦਾ ਰੁਝਾਨ ਦਾ ਝੋਰਾ ਹੈ। ਇੱਕ ਪਾਸੇ ਲੱਚਰ ਅਤੇ ਊਟ-ਪਟਾਂਗ ਗਾਇਕੀ ਵਾਲ਼ੇ ਕਰੋੜਾਂ ਦੀ ਕਮਾਈ ਕਰ ਰਹੇ ਹਨ ਅਤੇ ਸਭਿਆਚਾਰ ਨੂੰ ਤਕੜੀ ਢਾਹ ਲਾ ਰਹੇ ਹਨ, ਦੂਜੇ ਪਾਸੇ ਨਰੋਈ, ਉਸਾਰੂ ਤੇ ਸੁਥਰੀ ਗੀਤਕਾਰੀ ਵਾਲ਼ਿਆਂ ਨੂੰ ਕਿਤਾਬਾਂ ਛਪਵਾਉਣ ਵਿਚ ਵੀ ਦਿੱਕਤ ਆ ਰਹੀ ਹੈ। ਜੇ ਨਰੋਏ ਸਮਾਜ ਦੀ ਉਸਾਰੀ ਲਈ ਚੱਜ ਦਾ ਸਭਿਆਚਾਰ ਬਰਕਰਾਰ ਰੱਖਣਾ ਹੈ ਤਾਂ ਦਰਸ਼ਨ ਤਿਉਣੇ ਵਰਗੇ ਗੀਤਕਾਰਾਂ ਅਤੇ ਗਾਇਕਾਂ ਦਾ ਬਣਦਾ ਮਾਨ-ਸਨਮਾਨ ਕਰਨਾ ਓਨਾ ਹੀ ਜ਼ਰੂਰੀ ਹੈ ਜਿੰਨਾਂ ਉਨ੍ਹਾਂ ਲਈ ਕਮਾਈ ਦੇ ਸਾਧਨ ਜੋਗੇ ਪ੍ਰੋਗਰਾਮ ਉਲੀਕਣੇ ਅਤੇ ਸਿਰੇ ਚੜ੍ਹਾਉਣੇ ਜ਼ਰੂਰੀ ਹਨ।

ਬਠਿੰਡੇ ਦੀ ਇੱਕ ਗੁੱਠੋਂ ਗੀਤਕਾਰੀ ਅਤੇ ਗਾਇਕੀ ਦੇ ਚੜ੍ਹੇ ਇਸ ਤਾਰੇ ਨੂੰ ਚਮਕਣ ਲਈ ਅਜੇ ਅਸਮਾਨ ਖੁੱਲ੍ਹਾ ਪਿਆ ਹੈ। ਇਸ ਖੇਤਰ ਦੇ ਪਾਣੀਆ ਵਿਚ ਸੌ ਪੱਤਣਾਂ ਦੇ ਤਾਰੂ ਦਰਸ਼ਨ ਤਿਉਣੇ ਨੂੰ ਮੁਬਾਰਕਾਂ ਅਤੇ ਹਾਰਦਿਕ ਸ਼ੁਭ ਕਾਮਨਾਵਾਂ।







# ਮੁੰਡਾ ਸਾਊਥਹਾਲ ਦਾ 'ਨੌਜਵਾਨ ਪੀੜ੍ਹੀ ਦੀ ਫ਼ਿਲਮ : ਤਨੂੰ ਗਰੇਵਾਲ



ਸੁਰਜੀਤ ਜੱਸਲ
9814607737

ਪੰਜਾਬੀ ਮਿਊਜ਼ਿਕ ਵੀਡੀਓਜ ਤੋਂ ਬਤੌਰ ਮਾਡਲ ਆਪਣੀ ਸ਼ੁਰੂਆਤ ਕਰਨ ਵਾਲੀ ਤੰਨੂ ਗਰੇਵਾਲ ਹੁਣ ਬਤੌਰ ਹੀਰੋਇਨ ਫਿਲਮਾਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਂਦੀ ਜਾ ਰਹੀ ਹੈ। ਗਿੱਪੀ ਗਰੇਵਾਲ ਨਾਲ 'ਸ਼ਾਵਾ ਨੀ ਗਿਰਧਾਰੀ ਲਾਲ' ਅਤੇ 'ਯਾਰ ਮੇਰਾ ਤਿੱਤਲੀਆਂ ਵਰਗਾ' ਫ਼ਿਲਮਾਂ ਨਾਲ ਫ਼ਿਲਮੀ ਪਰਦੇ 'ਤੇ ਛਾਈ ਤਨੂੰ ਗਰੇਵਾਲ ਹੁਣ ਇੱਕ ਹੋਰ ਪੰਜਾਬੀ ਫ਼ਿਲਮ 'ਮੁੰਡਾ ਸਾਊਥਹਾਲ ਦਾ' ਨਾਲ ਚਰਚਾ ਵਿੱਚ ਹੈ। ਇਸ ਫਿਲਮ ਦਾ ਉਹ ਬੇਸਬਰੀ ਨਾਲ ਇੰਤਜਾਰ ਕਰ ਰਹੀ ਹੈ। 4 ਅਗਸਤ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਵਿੱਚ ਉਹ ਪੰਜਾਬੀ ਗਾਇਕ ਅਰਮਾਨ ਬੇਦਿਲ ਨਾਲ ਬਤੌਰ ਨਾਇਕਾ ਨਜ਼ਰ ਆਵੇਗੀ। ਇਸ ਫ਼ਿਲਮ ਵਿੱਚ ਉਸਦਾ 'ਰਾਵੀ' ਨਾਂ ਦੀ ਕੁੜੀ ਦਾ ਕਿਰਦਾਰ ਹੈ ਜੋ ਉਸਦੀ ਜ਼ਿੰਦਗੀ ਦੇ ਬਹੁਤ ਨੇੜ੍ਹੇ ਹੈ। ਇਸ ਕਿਰਦਾਰ ਨੂੰ ਨਿਭਾਉਂਦਿਆ ਉਸਨੇ ਕਲਾ ਖੇਤਰ ਦਾ ਇੱਕ ਨਵਾਂ ਤਜ਼ਰਬਾ ਹਾਸਲ ਕੀਤਾ ਹੈ। ਉਸਦਾ ਕਹਿਣਾ ਹੈ ਕਿ ਹੁਣ ਤੱਕ ਦਰਸ਼ਕਾਂ ਨੇ ਉਸਨੂੰ ਇੱਕ ਦੇਸੀ ਪੰਜਾਬਣ ਦੇ ਕਿਰਦਾਰਾਂ ਵਿੱਚ ਹੀ ਵੇਖਿਆ ਹੈ ਜਦਕਿ ਇਸ ਫ਼ਿਲਮ 'ਮੁੰਡਾ ਸਾਊਥਹਾਲ ਵਿੱਚ' ਦਰਸ਼ਕ ਉਸਨੂੰ ਇੱਕ ਵੱਖਰੇ ਹੀ ਅੰਦਾਜ਼ ਵਿੱਚ ਦੇਖਣਗੇ। ਰਾਵੀ ਦਾ ਇਹ ਕਿਰਦਾਰ ਮੁੰਡਿਆਂ ਨੂੰ ਹੀ ਨਹੀਂ ਕੁੜੀਆਂ ਨੂੰ ਵੀ ਪਸੰਦ ਆਵੇਗਾ।

ਰਾਵੀ ਦਾ ਕਿਰਦਾਰ ਹੁਣ ਉਸਦੀ ਜ਼ਿੰਦਗੀ ਦੇ ਸਭ ਤੋਂ ਨੇੜੇ ਹੈ। ਇਸ ਕਿਰਦਾਰ ਨਾਲ ਹਰ ਉਮਰ ਵਰਗ ਦੇ ਦਰਸ਼ਕ ਆਪਣੇ ਜ਼ਜਬਾਤਾਂ ਦੀ ਸ਼ਾਝ ਪਾਉਣਗੇ ਤੇ ਉਸ ਨਾਲ ਹਮਦਰਦੀ ਜਤਾਉਣਗੇ।

ਕੈਨੇਡਾ ਦੀ ਜੰਮਪਲ ਤਨੂੰ ਗਰੇਵਾਲ ਨੇ ਦੱਸਿਆ ਕਿ ਉਸਨੂੰ ਕਲਾ ਦਾ ਸ਼ੌਂਕ ਆਪਣੇ ਪਰਿਵਾਰਕ ਮਾਹੌਲ ਤੋਂ ਹੀ ਮਿਲਿਆ। ਘਰ ਵਿਚ ਪੰਜਾਬੀ ਗਾਣੇ ਅਤੇ ਫ਼ਿਲਮਾਂ ਵੇਖਣ ਦਾ ਸ਼ੌਂਕ ਸੀ। ਉਸਨੇ ਆਪਣੀ ਕਲਾ ਦੀ ਸ਼ੁਰੂਆਤ ਪੰਜਾਬੀ ਮਿਊਜ਼ਿਕ ਵੀਡੀਓਜ ਨਾਲ ਕੀਤੀ ਸੀ। ਮਸ਼ਹੂਰ ਗਾਇਕ ਕਰਨ ਔਜਲਾ ਦੇ ਚਰਚਿਤ ਗਾਣੇ 'ਚਿੱਟਾ ਕੁੜਤਾ' ਨਾਲ ਚਰਚਾ ਵਿੱਚ ਆਈ ਤੰਨੂ 'ਚਿੱਠੀਆਂ', 'ਰਿਮ ਵਰਸਿਜ਼ ਝਾਂਜਰ' ਅਤੇ 'ਲੌਟ ਆਨਾ' ਗੀਤਾਂ ਸਮੇਤ ਦਰਜਨਾਂ ਗੀਤਾਂ ਵਿੱਚ ਆਪਣੀ ਛਾਪ ਛੱਡ ਚੁੱਕੀ ਹੈ। ਇਸ ਤੋਂ ਇਲਾਵਾ ਅੰਮ੍ਰਿਤ ਮਾਨ ਦੇ ਗੀਤ 'ਲਾਈਫ ਸਟਾਇਲ' ਅਤੇ ਰਾਜਵੀਰ ਜਵੰਦਾ ਦੇ 'ਪੰਜਾਬਣ' ਗੀਤਾਂ ਵਿੱਚ ਉਸਨੇ ਆਪਣੀ ਅਦਾਕਾਰੀ ਦਾ ਨਮੂਨਾ ਵੀ ਪੇਸ਼ ਕੀਤਾ। ਇਨ੍ਹਾਂ ਗੀਤਾਂ ਨੇ ਹੀ ਉਸ ਵਾਸਤੇ ਪੰਜਾਬੀ ਸਿਨੇਮੇ ਦੇ ਦਰਵਾਜ਼ੇ ਖੋਲੇ। ਜਿਸ ਸਦਕਾ ਉਸਨੂੰ ਗਿੱਪੀ ਗਰੇਵਾਲ ਦੀ ਫ਼ਿਲਮ 'ਸ਼ਾਵਾ ਨੀ ਗਿਰਧਾਰੀ ਲਾਲ' ਵਿੱਚ ਕੁਲਜੀਤ ਨਾਂ ਦੀ ਪੇਂਡੂ ਕੁੜੀ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਇਸ ਪਹਿਲੀ ਫ਼ਿਲਮ ਵਿਚਲੀ ਕਾਬਲੀਅਤ ਨੂੰ ਵੇਖਦਿਆਂ ਹੀ ਫ਼ਿਲਮ 'ਯਾਰ ਮੇਰਾ ਤਿੱਤਲੀਆਂ ਵਰਗਾ' ਲਈ ਉਸਨੂੰ ਮੁੱਖ ਕਿਰਦਾਰ ਲਈ ਚੁਣਿਆ ਗਿਆ, ਜਿਸ ਵਿੱਚ ਉਸਨੇ ਇੱਕ ਪੇਂਡੂ ਤੇ ਭੋਲੀ ਭਾਲੀ 'ਬੇਅੰਤ' ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ। ਇਸ ਫ਼ਿਲਮ ਵਿੱਚ ਵੀ ਦਰਸ਼ਕਾਂ ਨੇ ਉਸਦੀ ਅਦਾਕਾਰੀ ਬਹੁਤ ਪਸੰਦ ਕੀਤੀ। ਇਸ ਤੋਂ ਇਲਾਵਾ ਉਸਨੇ ਫ਼ਿਲਮ 'ਮੌਜਾਂ ਹੀ ਮੌਜਾਂ' ਅਤੇ 'ਆਊਟ ਲਾਅ' ਪੰਜਾਬੀ ਵੈਬ ਸਿਰੀਜ਼ ਵਿਚ ਵੀ ਕੰਮ ਕੀਤਾ ਹੈ।

ਉਸਦੀ ਆ ਰਹੀ ਫ਼ਿਲਮ 'ਮੁੰਡਾ ਸਾਊਥਹਾਲ ਦਾ' ਨੂੰ ਨਾਮਵਰ ਵੀਡਿਓ ਡਾਇਰੈਕਟਰ ਸੁੱਖ ਸੰਘੇੜਾ ਨੇ ਲਿਖਿਆ ਤੇ ਡਾਇਰੈਕਟ ਕੀਤਾ ਹੈ। ਤੰਨੂ ਮੁਤਾਬਕ ਇਹ ਫ਼ਿਲਮ ਪੰਜਾਬੀ ਦੀ ਇੱਕ ਵੱਖਰੇ ਕਿਸਮ ਦੀ ਫ਼ਿਲਮ ਹੈ। ਇਹ ਫ਼ਿਲਮ ਪੰਜਾਬੀ ਸਿਨਮਾ ਨੂੰ ਇੱਕ ਕਦਮ ਹੋਰ ਅੱਗੇ ਲੈ ਕੇ ਜਾਵੇਗੀ। ਤੰਨੂ ਮੁਤਾਬਕ ਇਹ ਫਿਲਮ ਅਜੋਕੇ ਸਮਾਜ ਦੀ ਕਹਾਣੀ ਹੈ। ਇਹ ਫ਼ਿਲਮ ਵਿਦੇਸ਼ਾਂ ਵਿੱਚ ਪੱਕੇ ਹੋਣ ਖਾਤਰ ਕੀਤੇ ਜਾਂਦੇ ਰਿਸ਼ਤਿਆਂ ਦੇ ਘਾਣ ਦੀ ਗੱਲ ਕਰਦੀ ਹੈ। ਇਸ ਫ਼ਿਲਮ ਵਿਚ ਉਸ ਨਾਲ ਅਰਮਾਨ ਬੇਦਿਲ, ਸਰਬਜੀਤ ਚੀਮਾ, ਇਫ਼ਤਕਾਰ ਠਾਕੁਰ, ਪ੍ਰੀਤ ਔਜਲਾ, ਗੁਰਪ੍ਰੀਤ ਭੰਗੂ ਸਮੇਤ ਕਈ ਨਾਮੀਂ ਕਲਾਕਾਰਾਂ ਨੇ ਕੰਮ ਕੀਤਾ ਹੈ। ਤੰਨੂ ਮੁਤਾਬਕ ਇਹ ਫ਼ਿਲਮ ਉਸਦੀ ਦਰਸ਼ਕਾਂ ਵਿੱਚ ਪਹਿਚਾਣ ਹੋਰ ਗੂੜ੍ਹੀ ਕਰੇਗੀ।









# ਵਾਅਦੇ ਮੁਤਾਬਕ ਸਰਕਾਰ ਮੁੱਢਲੀਆਂ ਸਹੂਲਤਾਂ ਦੇਣ ਨੂੰ ਪਹਿਲ ਕਦਮੀ ਕਰੇ

**ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਕੋਈ ਆਸ ਨਹੀਂ ਲੱਗਦੀ ਕਿ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ ਨੇ ਟੈਕਸ ਦੇਣੇ ਔਖੇ ਨਹੀਂ ਲੱਗਦੇ ਜੇਕਰ ਉਹ ਸਰਕਾਰ ਕੋਲ ਜਾਣ ਪਰ ਇਹ ਪ੍ਰਾਈਵੇਟ ਕੰਪਨੀਆਂ ਕੋਲ ਕਰੋੜਾਂ ਰੁਪਏ ਪੰਜਾਬ ਤੋਂ ਬਾਹਰ ਰੌਜ਼ਾਨਾ ਜਾ ਰਿਹਾ ਹੈ । ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਤੇ ਕੰਮ ਕਰਵਾਉਣਾ ਚਾਹੀਦਾ ਹੈ।**

ਜਨਤਾ ਨੂੰ ਮੁੱਢਲੀਆਂ ਸਹੂਲਤਾਂ ਦੇਣਾ ਸਰਕਾਰ ਦਾ ਮੁੱਢਲਾ ਫਰਜ਼ ਹੈ । ਦੇਸ਼ ਆਜ਼ਾਦ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਅਜੇ ਤੱਕ ਦੇਸ਼ ਅੰਦਰ ਸੜਕਾਂ ਦੀ ਹਾਲਤ ਖਸਤਾ ਰੂਪ 'ਚ ਹੀ ਨਜ਼ਰ ਆ ਰਹੀ ਹੈ। ਪਰ ਦੇਸ਼ ਅੰਦਰ ਤਕਨੀਕੀ ਪੱਖੋਂ ਤਰੱਕੀ ਕਰਨ ਕਾਰਣ ਚਾਰ ਪਹੀਆ ਵਾਹਨਾਂ ਦੇ ਮਾਡਲ ਐਨੇ ਆਧੁਨਿਕ ਆ ਗਏ ਜਿਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੈ ਪਰ ਇਨ੍ਹਾਂ ਦੇ ਚਲਣ ਲਈ ਯੋਗ ਸੜਕਾਂ ਦੀ ਘਾਟ ਹੈ,ਜਿਸ ਕਾਰਨ ਨਿੱਤ ਹੀ ਸੜਕਾਂ ਤੇ ਦੁਰਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ।ਪੰਜਾਬ ਦੀ ਗੱਲ ਕਰੀਏ ਤਾਂ ਚੋਣਾਂ ਵੇਲੇ ਸੱਤਾਧਾਰੀ ਪਾਰਟੀ ਨੇ ਸਟੇਜ਼ਾਂ ਤੇ ਵੱਡੇ-ਵੱਡੇ ਵਾਅਦੇ ਕੀਤੇ ਸੀ ਪਰ ਰਾਜ ਅੰਦਰ ਮੁਢਲੇ ਵਿਕਾਸ ਵਾਲੀ ਕੋਈ ਗੱਲ ਨਹੀਂ ਕੀਤੀ ਗਈ ਜਦੋਂ ਕਿ ਅਗਲੀਆਂ ਲੋਕ ਸਭਾ ਚੋਣਾਂ ਸਿਰ ਤੇ ਆ ਗਈਆਂ ਨੇ ।ਰਾਜ ਸਰਕਾਰਾਂ ਵਿਕਾਸ ਦੀ ਗੱਲ ਤਾਂ ਪਹਿਲਾਂ ਵੀ ਕਰਦੀਆ ਆ ਰਹੀਆਂ ਹਨ ਪਰ ਛੋਟੇ ਜਿਹੇ ਰਾਜ ਅੰਦਰ ਵਿਕਾਸ ਦਿੱਖ ਨਹੀਂ ਰਿਹਾ ।ਪਿਛਲੀਆਂ ਸਰਕਾਰ ਨੇ ਪ੍ਰਮੁੱਖ ਸ਼ਹਿਰਾਂ ਨੂੰ ਟੋਲ ਪਲਾਜ਼ਿਆਂ ਵਾਲੀਆ ਸੜਕਾਂ ਨਾਲ ਜੋੜ ਕੇ ਬਹੁਤੀਆਂ ਸੜਕਾਂ ਬਣਾਉਣ ਦਾ ਕੰਮ ਪ੍ਰਾਈਵੇਟ ਕੰਪਨੀਆਂ ਤੋਂ ਕਰਵਾ ਤਾਂ ਲਿਆ ਪਰ ਹਰੇਕ ਸਰਕਾਰ ਨੇ ਮੁਰੰਮਤ ਕਰਨ ਆਦਿ ਦੇ ਕੰਮ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟਿਆ ਹੋਇਆ ਹੈ ।ਇਨ੍ਹਾਂ ਨਵੀਆਂ ਬਣੀਆਂ ਸੜਕਾਂ ਦੇ ਆਲੇ ਦੁਆਲੇ ਕੱਚੀ ਥਾਂ ਦੀ ਕੋਈ ਲੈਵਲ ਅਨੁਸਾਰ ਮਿੱਟੀ ਨਾਲ ਭਰਾਈ ਨਹੀਂ ਦਿੱਸਦੀ,ਨਾ ਹੀ ਅਵਾਰਾ ਡੰਗਰਾਂ ਤੋਂ ਬਚਾਅ ਲਈ ਉਚਿੱਤ ਵਾੜ / ਜੰਗਲੇ ਦਾ ਹੀ ਪੂਰਾ ਪ੍ਰਬੰਧ ਹੈ ।ਸੜਕਾਂ ਤੇ ਰੋਜ਼ਾਨਾ ਅਨੇਕਾਂ ਹੀ ਜਾਨਵਰ ਵਾਹਨਾਂ ਨਾਲ ਟਕਰਾ ਕੇ ਮਰ ਜਾਂਦੇ ਹਨ ਜਿਨ੍ਹਾਂ ਨੂੰ ਚੁੱਕਣ ਦਾ ਕੋਈ ਪ੍ਰਬੰਧ ਨਹੀਂ ਜੋ ਕਿ ਗਲ੍ਹ ਸੜ੍ਹਕੇ ਬਦਬੂ ਫੈਲਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ ।ਅਸੀਂ ਗੀਸਾਂ ਬਾਹਰਲੇ ਦੇਸ਼ਾਂ ਦੀਆਂ ਜ਼ਰੂਰ ਕਰ ਲੈਣੇ ਹਾਂ।ਅਜੇ ਇਨ੍ਹਾਂ ਟੋਲ ਸੜਕਾਂ ਵਿੱਚ ਆਉਂਦੇ ਸ਼ਹਿਰਾਂ 'ਚੋਂ ਲੰਘਣ ਲਈ ਸਾਰੇ ਥਾਵਾਂ ਤੇ ਪੁੱਲ ਨਹੀਂ ਬਣੇ,ਜਿਥੇ ਲੰਬਾ ਸਮਾਂ ਜਾਮ ਵਿੱਚ ਖੜ੍ਹਨਾ ਪੈਂਦਾ ਹੈ, ਪਰ ਟੋਲ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਜਾਂਦੇ ਹਨ ਪਰ ਹੁਣ ਪਿਛਲੇ ਸਾਲ ਤੋਂ ਕਿਸਾਨਾਂ ਦੇ ਸ਼ੰਘਰਸ਼ ਕਾਰਨ ਟੋਲ ਪਲਾਜ਼ਾ ਬੰਦ ਪਏ ਸਨ ਜਿਸ ਨਾਲ ਲੱਖਾਂ ਲੋਕਾਂ ਨੂੰ ਹਰ ਰੋਜ਼ ਫਾਇਦਾ ਹੋ ਰਿਹਾ ਸੀ। ਕਿਸਾਨ ਅੰਦੋਲਨ ਦੀ ਜਿੱਤ ਨਾਲ ਅੰਦੋਲਨ ਦੀ ਸਮਾਪਤੀ ਹੋ ਗਈ ਤੇ ਹੁਣ ਦੁਬਾਰਾ ਟੋਲ ਲੈਣੇ ਸ਼ੁਰੂ ਹੋ ਗਏ ਹਨ । ਕਈ ਟੋਲ ਪਲਾਜ਼ੇ ਸਮਾਂ ਪੂਰਾ ਕਾਰਨ ਬੰਦ ਹੋ ਗਏ ਹਨ ਪਰ ਹੁਣ ਸੜਕਾਂ ਦੀ ਟੋਇਆਂ ਨਾਲ ਦੁਰਦਸ਼ਾ ਹੋਈ ਪਈ ਹੈ । ਟੋਲ ਸੜਕਾਂ ਦਾ ਟੁੱਟਣਾ ਵੀ ਆਮ ਵਰਤਾਰਾ ਹੈ ਸੋ ਰੌਜ਼ਾਨਾ ਸਬੰਧਤ ਕੰਪਨੀ ਵਲੋਂ ਸੜਕਾਂ ਦੀ ਚੈਕਿੰਗ ਹੋਣੀ ਚਾਹੀਦੀ ਹੈ ਜਿਥੇ ਕਿਤੇ ਕੋਈ ਸੜਕ ਟੁੱਟਣ ਦੀ ਸੰਭਾਵਨਾ ਹੋਵੇ ਤੁਰੰਤ ਉੱਥੇ ਮੁਰੰਮਤ ਕੀਤੀ ਜਾਵੇ ਤਾਂ ਜੋ ਵੱਡਾ ਟੋਆ ਨਾ ਪਵੇ , ਮੀਂਹ ਪੈਣ ਤੋਂ ਬਾਅਦ ਆਮ ਕਮਜੋਰ ਥਾਵਾਂ ਤੋਂ ਸੜਕ ਟੁੱਟ ਕੇ ਟੋਏ ਪੈ ਜਾਂਦੇ ਹਨ ਪਰ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਜਿਸ ਕਾਰਣ ਕਈ ਵਾਰ ਹਾਦਸੇ ਵਾਪਰ ਜਾਂਦੇ ਹਨ ਤੇ ਲੋਕ ਇਸ ਨੂੰ ਵੀ ਕੁਦਰਤ ਦਾ ਭਾਣਾ ਮੰਨ ਲੈਂਦੇ ਹਨ ।ਇਸੇ ਤਰ੍ਹਾਂ ਆਮ ਸੜਕਾਂ ਦੇ ਕਿਨਾਰਿਆਂ ਤੇ ਖੜ੍ਹੇ ਦਰਖਤਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਖਾਸ ਕਰਕੇ ਬਰਸਾਤ ਦੇ ਦਿਨਾਂ ਵਿੱਚ ਦੋ ਪਹੀਆ ਵਾਹਨਾਂ ਲਈ ਕਈ ਵਾਰੀ ਦੁਰਘਟਨਾ ਵਾਪਰਨ ਦਾ ਕਾਰਨ ਬਣਦੀਆਂ ਹਨ ।ਸੜਕ ਉੱਪਰ ਕੋਈ ਵੀ ਟਾਹਣੀ ਨੇੜੇ ਨਹੀਂ ਹੋਣੀ ਚਾਹੀਦੀ ਤਾਂ ਜੋ ਟਰੈਫਿਕ ਨਿਰਵਿਘਨ ਚਲਦੀ ਰਹੇ।ਸਰਕਾਰਾਂ ਦਾ ਸੜਕਾਂ ਵੱਲ ਕੋਈ ਧਿਆਨ ਹੀ ਨਹੀਂ ।ਇਤਿਹਾਸਕ ਸ਼ਹਿਰ ਨਾਭਾ ਦੇ ਲੋਕ ਸ਼ਹਿਰ ਦੇ ਆਲੇ ਦੁਆਲੇ ਦੀਆਂ ਸੜਕਾਂ ਦੀ ਮਾੜੀ ਹਾਲਤ ਤੋਂ ਅਤਿ ਦੁੱਖੀ ਹੋ ਕੇ ਇਨ੍ਹਾਂ ਸੜਕਾਂ ਤੋਂ ਲੰਘ ਰਹੇ ਹਨ। ਜੀ.ਟੀ. ਰੋਡ ਦਾ ਹਾਲ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚੌੜਾ ਕਰਨ ਦਾ ਅਰੰਭਿਆ ਅੱਜ ਤੱਕ ਕਦੀ ਪੂਰਾ ਨਹੀਂ ਹੋ ਸਕਿਆ

ਰਾਜ ਅੰਦਰ ਮੇਨ ਸੜਕਾਂ ਤੇ ਉੱਚਿਤ ਥਾਵਾਂ ਤੇ ਚਿੱਟੀਆਂ,ਪੀਲੀਆਂ,ਕਾਲੀਆਂ,ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ,ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ ।ਉਚਿਤ ਥਾਵਾਂ ਤੇ ਉਨ੍ਹਾਂ ਨੂੰ ਦਰਸਾਉਣ ਲਈ ਸਾਈਨ ਬੋਰਡ ਲਾਏ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਗਲਤ ਥਾਂ ਜਾਂ ਰਸਤੇ ਤੇ ਨਾ ਜਾ ਸਕੇ ।ਇਸ ਤਰ੍ਹਾਂ ਕਈ ਵਾਰੀ ਸਮੇਂ ਦੀ ਬਰਬਾਦੀ ਹੁੰਦੀ ਹੈ ।ਪਿੰਡਾਂ ਦੀਆਂ ਲਿੰਕ ਸੜਕਾਂ ਦਾ ਮਾੜਾ ਹਾਲ ਹੈ ।ਪਿੰਡਾਂ ਦੀਆਂ ਫਿਰਨੀਆਂ ਦੁਆਲੇ ਪਾਣੀ ਪਿਛਲੇ ਸਮਿਆਂ ਤੋਂ ਖੜ੍ਹਦਾ ਆ ਰਿਹਾ ਹੈ,ਸੜਕਾਂ ਉੱਚੀਆਂ ਕਰ ਦਿੱਤੀਆਂ ਜਾਦੀਆਂ ਹਨ ਪਰ ਪਾਣੀ ਦੀ ਨਿਕਾਸੀ ਦਾ ਉੱਚਿਤ ਪ੍ਰਬੰਧ ਨਾ ਹੋਣ ਕਾਰਨ ਥੌੜ੍ਹੇ ਸਾਲਾਂ ਬਾਅਦ ਫਿਰ ਪਾਣੀ ਖੜ੍ਹਣ ਲੱਗ ਜਾਂਦਾ ਹੈ ।ਇਹ ਸਮੱਸਿਆ ਤਕਰੀਬਨ ਸਾਰੇ ਪਿੰਡਾਂ ਦੀ ਹੀ ਹੈ ।ਪਿੰਡਾਂ ਦੀਆਂ ਗਲੀਆ ਨਾਲੀਆਂ ਦਾ ਪਾਣੀ ਖਪਤ ਕਰਨ ਲਈ ਸਰਕਾਰ ਵਲੋਂ ਪਿੰਡਾਂ ਨੂੰ ਵਧੀਆ ਸਿਸਟਮ ਦੇਕੇ ਇਸ ਪਾਣੀ ਦੀ ਖੇਤਾਂ ਲਈ ਸਿੰਜਾਈ ਕਰਨ ਲਈ ਮਸੀਨਰੀ ਉਪਲੱਭਦ ਕਰਾਈ ਜਾਵੇ,ਜਿਸ ਨਾਲ ਇਹ ਮਸਲਾ ਹੱਲ ਅਤੇ ਆਮਦਨ ਦਾ ਸਾਧਨ ਵੀ ਬਣ ਸਕਦਾ ਹੈ। ਸਾਨੂੰ ਆਪਣੀ ਸੋਚ ਨੂੰ ਬਦਲਣ ਅਤੇ ਜਾਗਰੂਕ ਹੋਣ ਦੀ ਲੋੜ ਹੈ ਤਾਂ ਕਿ ਅਸੀਂ 'ਚਲੋ ਆਪਾਂ ਕੀ ਲੈਣਾ' ਦੀ ਬਜਾਇ ਬਣਦੀਆਂ ਸਹੂਲਤਾਂ ਲੈਣ ਲਈ ਅੱਗੇ ਆਈਏ ਕਿਉਂਕਿ ਅਸੀਂ ਟੈਕਸ ਦੇ ਰਹੇ ਹਾਂ ,ਜੇ ਪੂਰੀਆਂ ਸਹੂਲਤਾਂ ਨਹੀਂ ਤਾਂ ਟੈਕਸ ਕਾਹਦਾ ।ਜੇ ਹਰ ਰੋਜ਼ ਅਸੀਂ ਟੈਕਸ ਦਿੰਦੇ ਹਾਂ ਤਾਂ ਹਰ ਰੋਜ਼ ਸੜਕ ਤੋਂ ਲੰਘਣ ਲਈ ਸੜਕ ਵੀ ਸਾਫ ਅਤੇ ਰੁਕਾਵਟ ਰਹਿਤ ਹੋਣੀ ਚਾਹੀਦੀ ਹੈ।ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਕੋਈ ਆਸ ਨਹੀਂ ਲੱਗਦੀ ਕਿ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ ਨੇ ।ਟੈਕਸ ਦੇਣੇ ਔਖੇ ਨਹੀਂ ਲੱਗਦੇ ਜੇਕਰ ਉਹ ਸਰਕਾਰ ਕੋਲ ਜਾਣ ਪਰ ਇਹ ਪ੍ਰਾਈਵੇਟ ਕੰਪਨੀਆਂ ਕੋਲ ਕਰੌੜਾਂ ਰੁਪਏ ਪੰਜਾਬ ਤੋਂ ਬਾਹਰ ਰੌਜ਼ਾਨਾ ਜਾ ਰਿਹਾ ਹੈ ।ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਤੇ ਕੰਮ ਕਰਵਾਉਣਾ ਚਾਹੀਦਾ ਹੈ। ਸਿਹਤ ਸਹੂਲਤਾਂ ਦੀ ਗੱਲ਼ ਜੋ ਸਰਕਾਰ ਕਹਿੰਦੀ ਸੀ ਉਸ ਨੂੰ ਵੀ ਬੂਰ ਪੈਂਦਾ ਨਜ਼ਰ ਨਹੀਂ ਆਉਂਦਾ ਕਿਉਂ ਕਿ ਹਸਪਤਾਲਾਂ 'ਚ ਨਵੀਂ ਭਰਤੀ ਕਰਨ ਵੱਲ ਸਰਕਾਰ ਦਾ ਧਿਆਨ ਨਹੀਂ ਜਦੋਂ ਕਿ ਕਿੰਨੀਆਂ ਪੋਸਟਾਂ ਖਾਲੀ ਪਈਆਂ ਹਨ ।ਪਿੰਡਾਂ ਦੀਆਂ ਡਿਸਪੈਂਸਰੀਆਂ 'ਚ ਅਜੇ ਤੱਕ ਡਾਕਟਰਾਂ ਦੀ ਭਰਤੀ ਪੂਰੀ ਨਹੀਂ ।ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਸੁਧਾਰ ਵਾਲੇ ਮਹਿਕਮਿਆਂ ਅੰਦਰ ਹੋਣ ਦੀ ਕੋਈ ਆਸ ਨਹੀਂ ਲੱਗਦੀ ।

ਇਸੇ ਤਰ੍ਹਾਂ ਸਕੂਲਾਂ ਕਾਲਜਾਂ ਦੀ ਹਾਲਤ ਹੈ । ਸਕੂਲਾਂ ਅੰਦਰ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ ਜਦੋਂ ਕਿ ਹਜ਼ਾਰਾਂ ਬੇਰੁਜ਼ਗਾਰ ਅਧਿਆਪਕ ਵਿਹਲੇ ਫਿਰ ਰਹੇ ਹਨ । ਐਤਕੀਂ ਬਦਲੀਆਂ ਦੀ ਨਵੀਂ ਪਾਲਿਸੀ ਮੁਤਾਬਕ ਤਕਰੀਬਨ ਬਹੁਤ ਸਾਰੀਆਂ ਬਦਲੀਆਂ ਹੋਈਆਂ ਹਨ ਜਿਸ ਨਾਲ ਕਈ ਸਕੂਲਾਂ 'ਚ ਸਟਾਫ ਦੀ ਕਮੀ ਹੋ ਗਈ ਹੈ । ਕਈ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸੇਵਾ ਮੁਕਤੀ ਅਤੇ ਬਦਲੀਆਂ ਕਾਰਨ ਲੈਕਚਰਾਰ ਹੀ ਨਹੀਂ ਰਹੇ ।ਨਾ ਹੀ ਮਾਸਟਰ ਕਾਡਰ ਦੇ ਸੀਨੀਅਰ ਅਧਿਆਪਕ ਹੀ ਰਹੇ ਹਨ । ਨਵੇਂ ਅਧਿਆਪਕ ਕਿਵੇਂ ਇਨ੍ਹਾਂ ਸਕੂਲਾਂ ਨੂੰ ਚਲਾਉਣਗੇ ।ਇਹ ਗੱਲ ਛੁੱਟੀਆਂ ਤੋਂ ਬਾਅਦ ਪਹਿਲੇ ਦਿਨ ਸਕੂਲ ਖੁੱਲ੍ਹਣ ਸਮੇਂ ਇੱਕ ਮੰਤਰੀ ਦੀ ਸਕੂਲ਼ ਵਿਜ਼ਟ ਸਾਹਮਣੇ ਆਈ ਹੈ ।ਸਰਕਾਰ ਸਕੂਲ ਦੇ ਵਾਧੂ ਕੰਮਾਂ ਦੀ ਜ਼ਿੰਮੇਵਾਰੀ ਨਿਭਾ ਰਹੇ ਅਧਿਆਪਕਾਂ ਨੂੰ ਵੀ ਸਰਕਾਰ ਤਾੜ ਰਹੀ ਹੈ ।ਇਸ ਤਰ੍ਹਾਂ ਸਿੱਖਿਆਂ ਦੇ ਸੁਧਾਰ ਦੀ ਗੱਲ ਪੰਜ ਸਾਲਾਂ 'ਚ ਕੀ ਪੂਰੀ ਹੋਣੀ ਹੈ ।ਚਾਲੀ ਸਾਲ ਪਹਿਲਾਂ ਅਧਿਆਪਕਾਂ ਦੀ ਭਰਤੀ ਛੇ ਮਹੀਨੇ ਦੇ ਆਧਾਰ / 89 ਦਿਨਾਂ ਦੇ ਆਧਾਰ 'ਤੇ ਡੀ.ਈ.ਓ. ਪੱਧਰ ਤੇ ਰੋਜ਼ਗਾਰ ਦਫਤਰ ਰਾਹੀਂ ਜਿਲ੍ਹੇ ਅਨੁਸਾਰ ਖਾਲੀ ਪੋਸਟਾਂ ਮੁਤਾਬਕ ਨਿਯਮਾਂ ਮੁਤਾਬਕ ਨਿਰੋਲ ਸਾਫ ਸੁੱਥਰੀ ਮੈਰਿਟ ਬਣਾ ਕੇ ਖਾਲੀ ਪੋਸਟਾਂ ਭਰ ਲਈਆਂ ਜਾਂਦੀਆਂ ਸਨ , ਕਿਸੇ ਕਿਸਮ ਦੀ ਛੁੱਟੀ ਤੇ ਗਏ ਅਧਿਆਪਕਾਂ ਦੀ ਥਾਂ ਆਰਜ਼ੀ ਨਿਯੁਕਤੀ ਪੂਰ ਗਰੇਡ 'ਚ ਕੀਤੀ ਜਾਂਦੀ ਸੀ ਜਿਸ ਨਾਲ ਉਸ ਸਮੇਂ ਕੋਈ ਵੀ ਪੋਸਟ ਖਾਲੀ ਨਹੀਂ ਰਹਿੰਦੀ ਸੀ । ਇੱਕ ਪੋਸਟ ਵਿਰੁੱਧ ਦੋ ਤਨਖਾਹਾਂ ਨਿਕਲਦੀਆਂ ਸਨ ਪਰ ਹੁਣ ਤਾਂ ਰੈਗੂਲਰ ਅਧਿਆਕ ਨੂੰ ਵੀ ਪੂਰੀ ਤਨਖਾਹ ਨਹੀਂ ਮਿਲਦੀ । ਅਸੀਂ ਚਾਰ ਦਹਾਕੇ ਬਾਅਦ ਇਸ ਮਾਮਲੇ 'ਚ ਸਿੱਖਿਆ ਖੇਤਰ ਵਿੱਚ ਨਿਘਾਰ ਵੱਲ ਹੀ ਆਏ ਹਾਂ । ਸਕੂਲ ਲੈਕਚਰਾਰਾਂ ਦੀ ਭਰਤੀ ਕਰਨ ਲਈ ਦੇਰੀ ਕਿਉਂ ਕਰ ਰਹੀ ਹੈ , ਜਦੋਂ ਕਿ ਵਿਸ਼ਾ ਟੈਸਟ ਦੀਆਂ ਮਾਰਚ ਮਹੀਨੇ 'ਚ ਮਿਤੀਆਂ ਅਨਾਊਂਸ ਕੀਤੀਆਂ ਸਨ ਪਰ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਜਦੋਂ ਕਿ ਇਨ੍ਹਾਂ ਆਸਾਮੀਆਂ ਦਾ ਇਸ਼ਤਿਹਾਰ ਦਸੰਬਰ 2021 ਵਿੱਚ ਜਾਰੀ ਕੀਤਾ ਗਿਆ ਸੀ । ਅਜੇ ਵੀ ਆਸ ਹੈ ਨਵੀਂ ਸਰਕਾਰ ਹੋਰਾਂ ਰਾਜਾਂ ਦੇ ਮੁਕਾਬਲੇ ਪੰਜਾਬ ਦੀ ਗਿਰ ਰਹੀ ਸਾਖ ਨੂੰ ਬਚਾਉਣ ਦਾ ਯਤਨ ਕਰੇਗੀ ਅਤੇ ਆਪਣੇ ਵਾਅਦੇ ਨੂੰ ਪੂਰਾ ਕਰਕੇ ਦਿਖਾਏਗੀ ਨਹੀਂ ਤਾਂ ਬੇਰੁਜ਼ਗਾਰ ਨਿਰਾਸ਼ਾ ਕਰਕੇ ਕੋਈ ਰਾਜ ਵਿਰੋਧੀ ਕਦਮ ਉਠਾ ਸਕਦੇ ਹਨ ।

ਮੇਜਰ ਸਿੰਘ ਨਾਭਾ
ਮੋ.9463553962

**ਕਨੇਡੀਅਨ ਸੱਥ-**

## ਸ਼ਾਇਦ ਸਾਡੀ ਪੀੜੀ ਦੇ ਕਰਮਾ ਵਿੱਚ ਇਹ ਕੁੱਝ ਦੇਖਣਾ ਜਰੂਰ ਸੀ



ਅਸ਼ੀਸ਼ ਨਰੂਲਾ
1 204 890 5040

ਜੇਕਰ ਗੱਲ ਮੱਧ ਨੱਬਿਆਂ ਦੀ ਕਰੀਏ ਜਦੋਂ ਮੋਬਾਈਲ ਫੋਨ ਐਨੇ ਜਿਆਦਾ ਮਸ਼ਹੂਰ ਨਹੀਂ ਸਨ ਉਦੋਂ ਗੱਲ ਕਰਨ ਅਤੇ ਸੁਨਣ ਦੇ ਵੀ ਪੈਸੇ ਪੈਂਦੇ ਸਨ ,ਮੇਰੇ ਕਿਸੇ ਮਿੱਤਰ ਨੇ ਮੋਟਰੋਲਾ ਦਾ ਹਥੇਲੀ ਜਿੰਨਾ ਵੱਢਾ ਮੋਬਾਈਲ ਲਿਆ ।ਉਦੋਂ ਇੱਕ ਬਹੁਤ ਵੱਢੀ ਸੌਗਾਤ ਜਾਪਦਾ ਸੀ ਕਿ ਹੈਂ ਬਿਨ੍ਹਾਂ ਤਾਰਾਂ ਤੋਂ ਵੀ ਫੋਨ ਦੇਖਣੇ ਸਨ ,ਉਹ ਦਿਨ ਅਤੇ ਇੱਕ ਅੱਜ ਦਾ ਦਿਨ ਦੇਖ ਲਵੋ ਤਕਨੀਕੀ ਵਿਗਿਆਨ ਨੇ ਕਿੰਨੀ ਤਰੱਕੀ ਕੀਤੀ ਹੈ ਅਤੇ ਅੱਜ ਵੀ ਨਿਰੰਤਰ ਜਾਰੀ ਹੈ । ਅਜੋਕੇ ਸਮੇਂ ਨੂੰ ਦੇਖ ਕੇ ਇੰਝ ਜਾਪਦਾ ਹੈ ਕਿ ਇਨਸਾਨ ਦੇ ਹਰੇਕ ਰਿਸ਼ਤੇ ਨੂੰ ਬਹੁਤ ਖੋਰਾ ਲਾਇਆ ਹੈ ਇਸ ਮੋਬਾਈਲ ਫੋਨ ਨੇ। ਉਹਨਾਂ ਸਮਿਆਂ ਵਿੱਚ ਸਕੂਲੋਂ ਘਰ ਅਤੇ ਬਾਅਦ ਵਿੱਚ ਪਹਿਲਾਂ ਖੇਡ ਪਿਆਰੀ ਸੀ ,ਅੱਧੀ ਰਾਤ ਤੱਕ ਗਲੀਆਂ ਵਿੱਚ ਖੇਡਣਾ ,ਫਿਰ ਘਰੋਂ ਡਾਂਗ ਦਾ ਸਨੇਹਾ ਮਿਲਣਾ,ਬਾਪ ਦੀ ਝਿੜਕ ਅਤੇ ਮਾਂ ਦਾ ਬਚਾਅ ਕਰਨਾ, ਗਰਮੀਆਂ ਦੀਆਂ ਛੁੱਟੀਆਂ ਦੀ ਉਡੀਕ ਕਰਨਾ ਬਈ ਨਾਨਕੇ/ ਦਾਦਕੇ ਜਾਣਾ। ਕਾਸ਼ ਕਿਤੇ ਉਹ ਸਮਾਂ ਮੁੜ ਆਵੇ,ਪਰ ਅਫਸੋਸ ਕਿ ਇਹ ਸਿਰਫ ਇੱਛਾ ਹੀ ਹੋ ਸਕਦੀ ਹੈ ਅਸਲੀਅਤ ਨਹੀਂ। ਅਜੋਕੇ ਸਮੇਂ ਵਿੱਚ ਇਸ ਤਰਾਂ ਦੀ ਵਿਹਲ ਅਤੇ ਪਿਆਰ ਦਾ ਹੋਣਾ ਇੱਕ ਸੁਫਨਾ ਹੀ ਹੋ ਸਕਦਾ ਹੈ ਅਤੇ ਸ਼ਾਇਦ ਸਾਡੀ ਪੀੜੀ ਦੇ ਕਰਮਾ ਵਿੱਚ ਦੇਖਣਾ ਜਰੂਰ ਸੀ । ਅੱਜ ਕੱਲ੍ਹ ਤਾਂ ਅਪਣੱਤ ਦਾ ਹੋਣਾ ਸਿਰਫ ਦਿਖਾਵੇ ਤੱਕ ਹੀ ਸੀਮਤ ਹੋ ਗਿਆ ਹੈ , ਪਹਿਲਾਂ ਜੇਕਰ ਜਿਗਰੀ ਯਾਰਾਂ ਨੇ ਨਾ ਮਿਲਣਾ ਤਾਂ ਚਿੰਤਾ ਹੋ ਜਾਣੀ ਕਿ ਅੱਜ ਕਿੱਥੇ ਰਹਿ ਗਿਆ ਮਿਲਿਆ ਨਹੀਂ ,ਜਾਂ ਫਿਰ ਸਾਈਕਲ ਚੁੱਕ ਦੋਸਤਾਂ ਦੇ ਘਰ ਗੇੜਾ ਮਾਰਨਾ ਫਿਰ ਜਾ ਕੇ ਸਥਿੱਤੀ ਦਾ ਪਤਾ ਲੱਗਣਾ ਬਈ ਅੱਜ ਤਾਂ ਉਹਨਾਂ ਦੇ ਘਰ ਪਰਾਉਣੇ ਆਏ ਨੇ ਤਾਂ ਨਹੀਂ ਮਿਲਿਆ। ਪਰ ਅੱਜ ਸਥਿਤੀ ਹੋਰ ਹੈ ਜੇਕਰ ਕਿਸੇ ਨੇ ਸ਼ੋਸ਼ਲ ਮੀਡੀਆ ਉਪਰ ਜਨਮ ਦਿਨ ਮੁਬਾਰਕ ਜਾਂ ਸਾਲਗਿਰਾ ਦਾ ਸੁਨੇਹਾ ਨਹੀਂ ਪਾਇਆ ਤਾਂ ਅਜੋਕੇ ਯਾਰ ਬੇਲੀ ਗੁੱਸਾ ਕਰ ਕਈ ਵਾਰ ਤਾਂ ਬੋਲਣਾ ਹੀ ਬੰਦ ਕਰ ਦਿੰਦੇ ਹਨ। ਮਦਰ ਡੇ, ਫਾਦਰ ਡੇ ਤਾਂ ਇੱਥੇ ਆ ਕੇ ਹੀ ਇਲਮ ਹੋਇਆ, ਉਥੇ ਤਾਂ ਰੋਜ ਹੀ ਹੁੰਦਾ ਸੀ।

ਖੈਰ ਕੁੱਝ ਵੀ ਹੋਵੇ ਅਸੀਂ ਸਮਝੀਏ ਭਾਵੇਂ ਨਾ ਕਿਤੇ ਨਾ ਕਿਤੇ ਸਾਡੇ ਰਿਸ਼ਤਿਆਂ ਨੂੰ ਇਸ ਮੋਬਾਈਲ ਰੂਪੀ ਦੈਂਤ ਨੇ ਨਿਗਲ ਹੀ ਲਿਆ ਹੈ ਅਤੇ ਪਤਾ ਨਹੀਂ ਹੋਰ ਕਿੰਨਾ ਕੁ ਨਿਗਲੇਗਾ। ਅੱਜ ਕੱਲ੍ਹ ਦੇ ਨਿਆਣੇ ਨੂੰ ਖਾਣ ਨੂੰ ਮਿਲੇ ਭਾਵੇਂ ਕੁੱਝ ਨਾ ਪਰ ਮੋਬਾਈਲ ਜਰੂਰ ਮਿਲਣਾ ਚਾਹੀਦਾ ਹੈ, ਹਵਾ ਹੀ ਐਸੀ ਚੱਲ ਪਈ ਹੈ । ਅਸੀਂ ਆਪ ਵੀ ਮੋਬਾਈਲ ਵੀ ਐਨਾ ਕੁ ਵਿਅਸਥ ਹੋ ਗਏ ਹਾਂ ਕਿ ਪੁੱਛੋ ਮਤ। ਤੁਸੀਂ ਆਪਣੇ ਆਸੇ ਪਾਸੇ ਵੀ ਧਿਆਨ ਮਾਰ ਕੇ ਦੇਖ ਲਵੋ ਮਾਂ ਵੀ ਜਿੱਦ ਕਰਦੇ ਬੱਚੇ ਤੋਂ ਖਹਿੜਾ ਛੁਡਾਉਣ ਲਈ ਮੋਬਾਈਲ ਨਿਆਣੇ ਦੇ ਹੱਥ ਵਿੱਚ ਫੜਾਉਣ ਲੱਗੇ ਸਕਿੰਟ ਨਹੀਂ ਲਾਉਦੀ ,ਸਾਡੇ ਸਮੇਂ ਵਿੱਚ ਤਾਂ ਪਹਿਲਾਂ ਡਾਂਗ ਚਲਦੀ ਸੀ ਮੋਬਾਈਲ ਨਹੀਂ ਊਂ ਗੱਲ ਹੈ ਇੱਕ। ਸ਼ਾਇਦ ਮੋਬਾਈਲ ਦੀ ਹੱਦੋਂ ਵੱਧ ਵਰਤੋਂ ਅਤੇ ਇਸੇ ਕਾਰਨ ਅਪਣੱਤ ਦਾ ਘੱਟ ਹੋਣਾ ਨੌਜਵਾਨ ਪੀੜੀ ਨੂੰ ਨਸ਼ਿਆ ਦੀ ਦਲਦਲ ਵਿੱਚ ਧਕੇਲ ਰਿਹਾ ਹੈ । ਜੇਕਰ ਸਾਡੇ ਸ਼ਹਿਰ ਦੀ ਗੱਲ ਕਰੀਏ ਤਾਂ ਪਿਛਲੇ ਕੁੱਝ ਮਹੀਨਿਆਂ ਵਿੱਚ ਨਸ਼ੇ ਦੀ ਉਵਰਡੋਜ਼ ਦੀ ਆਪਾਤਕਾਲ ਕਾਲਾਂ ਵਿੱਚ 134%( ਸਰਕਾਰੀ ਅੰਕੜੇ) ਵਾਧਾ ਹੋਇਆ ਹੈ । ਕੀ ਇਹ ਇੱਕ ਚਿੰਤਾ ਦਾ ਵਿਸ਼ਾ ਨਹੀ? ਕੀ ਸਰਕਾਰਾਂ ਨੂੰ ਇਸ ਗੱਲ ਦਾ ਪਤਾ ਨਹੀਂ ? ਜਾਂ ਫਿਰ ਰਾਜਨੀਤੀ ਕਰਨਾ ਹੀ ਇੱਕ ਕੰਮ ਰਹਿ ਗਿਆ ਹੈ । ਨਾਲ ਲੱਗਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਤਾਂ ਨਸ਼ਿਆ ਦਾ ਸੇਵਨ ਦਾ ਸਹੀ ਤਰੀਕਾ ਕੀ ਹੇ ਉਹ ਵੀ ਸਕੂਲਾਂ ਵਿੱਚ ਦੱਸਿਆ ਜਾਣ ਲੱਗਿਆ ਹੈ। ਕਿੱਥੇ ਨੇ ਸਾਡੇ ਅਖੌਤੀ ਲੀਡਰ ਜੋ ਇਸ ਤਰਾਂ ਦੀਆ ਸਰਕਾਰੀ ਨੀਤੀਆ ਦਾ ਵਿਰੋਧ ਨਹੀਂ ਕਰਦੇ। ਕੀ ਇੱਥੋ ਦੀ ਸਿਖਿਆ ਪ੍ਰਣਾਲੀ ਵਿੱਚ ਸੋਧ ਦੀ ਲੋੜ ਨਹੀਂ?

ਜੇਕਰ ਨਿਆਣਾ ਪੜਾਈ ਵਿੱਚ ਲਗਨ ਰੱਖਣ ਵਾਲਾ ਹੈ ਤਾਂ ਹੋ ਸਕਦਾ ਹੈ ਕਿ ਯੂਨੀਵਰਸਿਟੀ ਵਿੱਚ ਡਿਗਰੀ ਕਰ ਜਾਵੇ ਅਤੇ ਚੰਗੇ ਮੁਕਾਮ ਤੇ ਪਹੁੰਚ ਜਾਵੇ ਉਹ ਵੀ ਜੇਕਰ ਬੱਚਿਆਂ ਦੇ ਨਾਲ ਨਾਲ ਮਾਪੇ ਵੀ ਬਰਾਬਰ ਧਿਆਨ ਰੱਖਣ ਤਾਂ ਗੱਲ ਸਿਰੇ ਲੱਗਦੀ ਹੈ ਨਹੀਂ ਸਕੂਲਾਂ ਵਿੱਚ ਤਾਂ ਪੜੀ ਲਿਖੀ ਸਸਤੀ ਲੇਬਰ ਹੀ ਤਿਆਰ ਕੀਤੀ ਜਾ ਰਹੀ ਹੈ । ਸੋ ਜਰੂਰਤ ਹੈ ਕਿ ਕਮਾਈ ਦੇ ਨਾਲ ਨਾਲ ਨਿਆਣਿਆ ਦੀ ਸੰਗਤ ਅਤੇ ਪੜਾਈ ਦਾ ਆਪਣੀ ਸਿਹਤ ਵਾਂਗ ਧਿਆਨ ਰੱਖਿਆ ਜਾਵੇ , ਕਿਉਂ ਕਿ ਪੈਸੇ ਦਾ ਅੰਤ ਕਿਸੇ ਨਹੀਂ ਪਾਇਆ ਜੋ ਜਿਵੇ ਸਾਡੇ ਆਉਣ ਤੋਂ ਪਹਿਲਾਂ ਦੁਨੀਆ ਚਲਦੀ ਸੀ ਉਸੇ ਤਰਾਂ ਜਾਣ ਤੋਂ ਬਾਅਦ ਵੀ ਚੱਲੇਗੀ ,ਅਜੋਕੇ ਸਮੇਂ ਦੀ ਲੋੜ ਹੈ ਕਿ ਨੌਜਵਾਨ ਪੀੜ੍ਹੀ ਨੂੰ ਚੰਗੇ ਇਨਸਾਨ ਬਨਾਉਣ ਦੀ, ਬਾਕੀ ਤੁਹਾਡਾ ਸਾਰਿਆ ਦਾ ਰੱਬ ਰਾਖਾ ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਪੰਜਾਬ ਟਾਈਗਰਜ਼ ਕਬੱਡੀ ਕੱਪ ਐਬਟਸਫੋਰਡ : ਵੈਨਕੂਵਰੀਆਂ ਨੇ ਰੋਕਿਆ ਕੈਲਗਰੀ ਵਾਲਿਆਂ ਦਾ ਜੇਤੂ ਰੱਥ

## ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਬੱਡੀ ਕਲੱਬ ਬਣਿਆ ਚੈਂਪੀਅਨ, ਪਿੰਦੂ ਸੀਚੇਵਾਲ ਦੇ ਜੱਫਿਆਂ ਨੇ ਪਲਟੀ ਬਾਜੀ, ਬੰਟੀ ਟਿੱਬਾ ਬਣਿਆ ਸਰਵੋਤਮ ਧਾਵੀ







ਬੀ ਸੀ ਯੂਨਾਈਟਡ ਕਬੱਡੀ ਫੈਡਰੇਸ਼ਨ ਦੇ ਝੰਡੇ ਹੇਠ ਚੱਲ ਰਹੇ ਸੀਜ਼ਨ ਦੇ ਪੰਜਾਬ ਟਾਈਗਰਜ਼ ਕਬੱਡੀ ਕਲੱਬ ਵੱਲੋਂ ਐਬਟਸਫੋਰਡ ਦੇ ਰੋਟਰੀ ਸਟੇਡੀਅਮ ਵਿਖੇ ਕਰਵਾਇਆ ਗਿਆ ਕਬੱਡੀ ਕੱਪ ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਬੱਡੀ ਕਲੱਬ ਵੈਨਕੂਵਰ ਨੇ ਪਿਛਲੇ ਦੋ ਕੱਪਾਂ ਦੀ ਜੇਤੂ ਯੂਨਾਈਟਡ ਬੀ ਸੀ ਫਰੈਂਡਜ਼ ਕਬੱਡੀ ਕਲੱਬ ਕੈਲਗਰੀ ਨੂੰ ਹਰਾਕੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਜੇਤੂ ਟੀਮ ਦੇ ਖਿਡਾਰੀ ਪਿੰਦੂਸੀਚੇਵਾਲ ਨੇ ਸਰਵੋਤਮ ਜਾਫੀ ਤੇ ਬੰਟੀ ਟਿੱਬਾ ਨੇ ਬਿਹਤਰੀਨ ਧਾਵੀ ਦੇ ਖਿਤਾਬ ਜਿੱਤੇ। ਹਜ਼ਾਰਾਂ ਦਰਸ਼ਕਾਂ ਦੀ ਹਾਜਰੀ 'ਚ ਹੋਏ ਇਸ ਕੱਪ ਦੌਰਾਨ ਐਬਟਸਫੋਰਡ ਤੋਂ ਐਮ.ਪੀ. ਵਰੈਡਬੈੱਸ ਤੇ ਸਰੀ ਤੋਂ ਐਮ.ਪੀ. ਰਣਦੀਪ ਸਰਾਏ ਉਚੇਚੇ ਤੌਰ 'ਤੇ ਪੁੱਜੇ। ਇਸੇ ਦੌਰਾਨ ਨਾਮਵਰ ਖਿਡਾਰੀਆਂ ਤੇ ਕਬੱਡੀ ਸੰਚਾਲਕਾਂ ਦੇ ਸਨਮਾਨ ਕੀਤੇ ਗਏ।

**ਮੇਜ਼ਬਾਨ:-** ਪੰਜਾਬ ਟਾਈਗਰਜ਼ ਕਲੱਬ ਐਬਟਸਫੋਰਡ ਵੱਲੋਂ ਨਿਰਮਲ ਸਿੰਘ ਬਰਾੜ ਲੰਗੇਆਣੀਆ ਪ੍ਰਧਾਨ, ਦੀਪ ਢਿੱਲੋਂ, ਹਰਦੀਪ ਢਿੱਲੋਂ ਤੇ ਬਿੰਦਰਜਗਰਾਓ ਦੀ ਅਗਵਾਈ 'ਚ ਦੀਪ ਰਾਮੂਵਾਲੀਆ, ਸੁੱਖਾ ਧਾਲੀਵਾਲ, ਜਗਦੇਵ ਰਾਮੂਵਾਲੀਆ, ਲਾਲੀ ਫੱਕਰ ਵਾਲਾ, ਜੱਸਾਲੰਗੇਆਣਾ, ਅਮਨ ਰਾਉਕੇ, ਗੁਰਪ੍ਰੀਤ ਲੰਗੇਆਣਾ, ਰਾਜਾ ਸਰਪੰਚ ਘੱਲ ਕਲਾਂ, ਰਾਜੂ ਥਰੀਕੇ, ਬੌਬੀ ਭਿੰਡਰ, ਮਨਮੋਹਨ ਹੀਰ, ਜਸਵੀਰ ਬਨਵੈਤ, ਗੱਗੂ ਢਿੱਲੋਂ, ਅਮਰੀਕ ਫਤਹਿਗੜ੍ਹ ਛੰਨਾ, ਧਰਮ, ਲੱਕੀ ਢਿੱਲੋਂ, ਤਾਰੀ ਫੁੱਲਾਂਵਾਲ, ਗੋਲਡੀ ਬੰਮੀਆਂ, ਕਿੰਦਾਕਾਉਂਕੇ, ਗੈਰੀਭੰਡਾਲਚੀਮਾਂ, ਸ਼ੇਰਾ ਬਰਾੜ, ਲੱਭੀ ਧਾਲੀਵਾਲ, ਮੱਖਣ ਸੈਦੋਕੇ, ਗਗਨ ਢਿੱਲੋਂ ਐਡਮਿੰਟਨ, ਸ਼ਿਵ ਬੈਂਸ, ਸੁੱਖ ਧਾਲੀਵਾਲ ਰਾਉਕੇ, ਹੈਰੀ ਧਾਲੀਵਾਲ, ਹਰਦੀਪ ਗਰੇਵਾਲ, ਮੈਨੀ ਥਿੰਦ, ਗੈਵਿਨ ਗਰਚਾ, ਮੰਨਾਝਿੰਜਰ, ਅਮਨ ਗਿੱਲ, ਵਿਨੀਪੈੱਗ ਤੋਂ ਮਨਪ੍ਰੀਤ ਬਰਾੜ, ਦੀਪਇੰਦਰ ਸੰਧੂ, ਰਾਏ ਵਰਿੰਦਰ ਤੂਰ, ਜਤਿੰਦਰ ਸੰਧੂ, ਵਿੱਕੀ ਬਾਦਲ, ਗੁਰਪ੍ਰੀਤ ਬਰਾੜ, ਗੁਰਵਿੰਦਰ ਮੌੜ, ਸੁਖਵਿੰਦਰ ਤੂਰ, ਜਸਪਾਲ ਜਟਾਣਾ, ਮਨਪ੍ਰੀਤ ਗਿੱਲ, ਗੁਰਵਿੰਦਰ ਸਿੰਘ ਢਿੱਲੋਂ, ਟੋਰਾਂਟੋ ਪੰਜਾਬੀ ਕਲੱਬ ਤੋਂ ਸਰਬਜੀਤ ਬਾਸੀ, ਤਰਲੋਚਨ ਮੰਡ, ਹੈਰੀ ਨੰਗਲ, ਹੈਪੀ ਸੰਘਾ, ਬੂਟਾ ਚਾਹਲ, ਨਵ ਪੰਧੇਰ, ਅਮਨ ਤੂਰ, ਜਸਵੀਰ ਕੁਲਾਰ, ਅਮਨ ਸੰਘੇੜਾ, ਲਾਲੀ ਟਿਵਾਣਾ, ਜਸਵਿੰਦਰ ਢੀਂਡਸਾ, ਤੀਰਥ ਢੀਂਡਸਾ, ਜਰਨੈਲ ਮੰਡ ਤੇ ਕਰਨੈਲ ਮੰਡ ਹੋਰਾਂ ਦੇ ਸਹਿਯੋਗ ਨਾਲ ਵਿਸ਼ਾਲ ਕਬੱਡੀ ਮੇਲਾ ਸਜਾਇਆ ਗਿਆ।

**ਸਨਮਾਨ-** ਕੱਪ ਦੌਰਾਨ ਸੁਝਵਾਨ ਕਬੱਡੀ ਪ੍ਰਮੋਟਰਬਿੰਦਰਜਗਰਾਓ, ਰਾਜਾ ਬਰਾੜ ਤੇ ਪੰਮੀ ਸਿੱਧੂ ਗੋਲੇਵਾਲੀਆ ਵੱਲੋਂ ਨਾਮਵਰ ਧਾਵੀ ਸੁਲਤਾਨ ਸਮਸਪੁਰ ਦਾ ਸੋਨ ਤਗਮੇ ਨਾਲ ਸਨਮਾਨ ਕੀਤਾ ਗਿਆ। ਨਾਮਵਰ ਜਾਫੀ ਪਾਲਾ ਜਲਾਲਪੁਰ ਦਾ ਗਾਈਜ਼ਰ ਟਰਾਂਸਪੋਰਟ, ਪ੍ਰੀਤਮ ਜਿਊਲਰਜ਼ ਤੇ ਸੇਵਾ ਸਿੰਘ ਰਾਣਾ ਹੋਰਾਂ ਵੱਲੋਂ ਸੋਨ ਤਗਮੇ ਨਾਲ ਸਨਮਾਨ ਕੀਤਾ ਗਿਆ। ਕਬੱਡੀ ਸੰਚਾਲਕ ਬਿੱਟੂਘੋਲੀਆ ਦਾ 1100 ਡਾਲਰ ਨਾਲ ਮਾਨਾ ਰੂਮੀ ਵੱਲੋਂ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਨਾਮਵਰ ਧਾਵੀ ਭੂਰੀ ਛੰਨਾ ਦਾ ਇੰਦਰਜੀਤ ਛੰਨਾ ਤੇ ਬਿੰਦਰਜਗਰਾਓ ਵੱਲੋਂ ਸੋਨ ਤਗਮੇ ਨਾਲ ਸਨਮਾਨ ਕੀਤਾ ਗਿਆ। ਕਬੱਡੀ ਬੁਲਾਰਿਆਂ ਵੱਲੋਂ ਕਬੱਡੀ ਦੇ ਅੰਕੜਾਕਾਰ ਜਸਵੰਤ ਖੜਗ (ਉੱਤਮ ਖੇਡ ਕਬੱਡੀ) ਸੋਨ ਤਗਮੇ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਜਾਫੀ ਬੱਬੂ ਭਿੰਡਰ ਤੇ ਬੁਲਾਰੇ ਪ੍ਰਿਤਾਸ਼ੇਰਗੜ੍ਹ ਦਾ ਸਨਮਾਨ ਵੀ ਕੀਤਾ ਗਿਆ।

**ਮੁਕਾਬਲੇ ਬਾਜ਼ੀ:-** ਪੰਜਾਬ ਟਾਈਗਰਜ਼ ਕਬੱਡੀ ਕੱਪ ਦੇ ਪਹਿਲੇ ਦੌਰ ਦੇ ਪਹਿਲੇ ਮੈਚ 'ਚ ਪਿਛਲੇ ਉਪ ਜੇਤੂ ਪੰਜਾਬ ਕੇਸਰੀ ਕਲੱਬ ਨੇ ਬੇਹੱਦ ਫਸਵੇਂ ਮੁਕਾਬਲੇ 'ਚ ਰਿਚਮੰਡ-ਐਬਟਸਫੋਰਡ ਕਲੱਬ ਨੂੰ 35-34 ਅੰਕਾਂ ਨਾਲ ਹਰਾਇਆ। ਦੂਸਰੇ ਮੈਚ 'ਚ ਪਿਛਲੇ ਕੱਪ ਜੇਤੂ ਬੀ ਸੀ ਯੂਨਾਈਟਡਫਰੈਂਡਜ਼ ਕਲੱਬ ਕੈਲਗਰੀ ਨੇ ਸਰੀ ਸੁਪਰ ਸਟਾਰਜ਼ਕਾਮਾਗਾਟਾ ਮਾਰੂ ਕਲੱਬ ਨੂੰ ਇੱਕਪਾਸੜ ਮੁਕਾਬਲੇ 'ਚ 43-21 ਨਾਲ ਹਰਾਇਆ। ਤੀਸਰੇ ਮੈਚ 'ਚ ਸ਼ਾਨਦਾਰ ਖੇਡ ਦਿਖਾਉਂਦਿਆਂ ਰਾਜਵੀਰ ਰਾਜੂ-ਸ਼ਹੀਦ ਭਗਤ ਸਿੰਘ ਕਲੱਬ ਨੇ ਮੇਜ਼ਬਾਨ ਪੰਜਾਬ ਟਾਈਗਰਜ਼ ਕਲੱਬ ਐਬਟਸਫੋਰਡ ਨੂੰ 43-30 ਅੰਕਾਂ ਨਾਲ ਹਰਾਇਆ। ਤੀਸਰੇ ਮੈਚ 'ਚ ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਲੱਬ ਵੈਨਕੂਵਰ ਨੇ ਸਰੀ ਸੁਪਰ ਸਟਾਰਜ਼ਕਾਮਾਗਾਟਾਮਾਰੂ ਕਲੱਬ ਨੂੰ 42-26 ਅੰਕਾਂ ਨਾਲ ਹਰਾਕੇਧਾਕੜਸ਼ੁਰੂਆਤ ਕੀਤੀ। ਦੂਸਰੇ ਦੌਰ ਦੇ ਪਹਿਲੇ ਮੈਚ 'ਚ ਰਿਚਮੰਡ-ਐਬਟਸਫੋਰਡ ਕਬੱਡੀ ਕਲੱਬ 41-29 ਨੇ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੂੰ 41-29 ਅੰਕਾਂ ਨਾਲ ਹਰਾਕੇਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਅਗਲੇ ਮੈਚ 'ਚ ਪੰਜਾਬ ਕੇਸਰੀ ਕਲੱਬ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 35-29 ਅੰਕਾਂ ਨਾਲ ਹਰਾਕੇ ਆਖਰੀ ਚਾਰ 'ਚ ਥਾਂ ਬਣਾਈ।

ਪਹਿਲੇ ਸੈਮੀਫਾਈਨਲ 'ਚ ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਲੱਬ ਵੈਨਕੂਵਰ ਨੇ ਰਿਚਮੰਡ-ਐਬਟਸਫੋਰਡ ਕਲੱਬ 51-32 ਅੰਕਾਂ ਨਾਲ ਹਰਾਕੇ ਧੜੱਲੇਦਾਰ ਜਿੱਤ ਨਾਲ ਖਿਤਾਬੀ ਦੌੜ 'ਚ ਨਾਮ ਲਿਖਾਇਆ। ਜੇਤੂ ਟੀਮ ਲਈ ਧਾਵੀ ਸੁਲਤਾਨ ਸਮਸਪੁਰ, ਸੰਦੀਪ ਲੁੱਧਰਦਿੜਬਾ, ਕਮਲ ਨਵਾਂ ਪਿੰਡ ਤੇ ਬੰਟੀ ਟਿੱਬਾ, ਜਾਫੀ ਰਵੀ ਸਾਹੋਕੇ ਤੇ ਵਾਹਿਗੁਰੂ ਸੀਚੇਵਾਲ ਨੇ ਸ਼ਾਨਦਾਰ ਖੇਡ ਦਿਖਾਈ। ਰਿਚਮੰਡ- ਐਬਟਸਫੋਰਡ ਕਲੱਬ ਲਈ ਧਾਵੀ ਮਲਿਕ ਬਿਨਯਾਮੀਨ, ਮੋਹਸਿਨਬਿਲਾਲ ਤੇ ਕਾਲਾ ਧਨੌਲਾ, ਜਾਫੀਖੁਸ਼ੀ ਗਿੱਲ ਨੇ ਜੁਝਾਰੂ ਖੇਡ ਦਿਖਾਈ। ਦੂਸਰੇ ਸੈਮੀਫਾਈਨਲ 'ਚ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਨੇ ਪੰਜਾਬ ਕੇਸਰੀ ਕਲੱਬ ਨੂੰ ਬੇਹੱਦ ਰੋਚਕ ਮੁਕਾਬਲੇ 'ਚ 49-43 ਅੰਕਾਂ ਨਾਲ ਹਰਾਕੇਫਾਈਨਲ 'ਚ ਥਾਂ ਬਣਾਈ। ਜੇਤੂ ਟੀਮ ਲਈ ਧਾਵੀ ਰਵੀ ਦਿਉਰਾ, ਭੂਰੀ ਛੰਨਾ ਤੇ ਦੀਪਕ ਕਾਸ਼ੀਪੁਰ, ਜਾਫੀਸ਼ੀਲੂਬਾਹੂ ਅਕਬਰਪੁਰ, ਨਿੰਦੀ ਬੇਨੜਾ ਤੇ ਯੋਧਾ ਸੁਰਖਪੁਰ ਨੇ ਧਾਕੜ ਖੇਡ ਦਿਖਾਈ। ਪੰਜਾਬ ਕੇਸਰੀ ਕਲੱਬ ਵੱਲੋਂ ਜਸਮਨਪ੍ਰੀਤ ਰਾਜੂ, ਮੇਸ਼ੀਹਰਖੋਵਾਲ ਤੇ ਰੁਪਿੰਦਰਦੋਦਾ, ਜਾਫੀਸੱਤੂ ਖਡੂਰ ਸਾਹਿਬ ਨੇ ਜਾਨਦਾਰ ਖੇਡ ਦਿਖਾਈ। ਫਾਈਨਲ ਮੁਕਾਬਲੇ 'ਚ ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਬੱਡੀ ਕਲੱਬ ਵੈਨਕੂਵਰ ਨੇ ਪਿਛਲੇ ਦੋ ਕੱਪਾਂ ਦੀ ਜੇਤੂ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਦੀ ਟੀਮ ਨੂੰ 55-43 ਅੰਕਾਂ ਨਾਲ ਹਰਾਕੇ ਮੌਜੂਦਾ ਸੀਜ਼ਨ ਦਾ ਪਹਿਲਾ ਖਿਤਾਬ ਜਿੱਤਿਆ। ਜੇਤੂ ਟੀਮ ਲਈ ਧਾਵੀ ਬੰਟੀ ਟਿੱਬਾ, ਸੁਲਤਾਨ ਸਮਸਪੁਰ, ਸੰਦੀਪ ਲੁੱਧਰਦਿੜਬਾ ਤੇ ਕਮਲ ਨਵਾਂ ਪਿੰਡ, ਜਾਫੀਪਿੰਦੂਸੀਚੇਵਾਲ, ਵਾਹਿਗੁਰੂ ਸੀਚੇਵਾਲ, ਅੰਮ੍ਰਿਤ ਛੰਨਾ ਤੇ ਰਵੀ ਸਾਹੋਕੇ ਨੇ ਸ਼ਾਨਦਾਰ ਖੇਡ ਦਿਖਾਈ। ਕੈਲਗਰੀ ਦੀ ਟੀਮ ਲਈ ਧਾਵੀ ਰਵੀ ਦਿਉਰਾ, ਬੁਲਟਖੀਰਾਂਵਾਲ, ਭੂਰੀ ਛੰਨਾ ਤੇ ਦੀਪਕ ਕਾਸ਼ੀਪੁਰ, ਜਾਫੀ ਨਿੰਦੀ ਬੇਨੜਾ ਤੇ ਯੋਧਾ ਸੁਰਖਪੁਰ ਨੇ ਸੰਘਰਸ਼ਪੂਰਨ ਖੇਡ ਦਿਖਾਈ। ਇਸ ਟੀਮ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਜਾਫੀਜਖਮੀ ਹੋਣ ਕਾਰਨ ਫਾਈਨਲ 'ਚ ਪੂਰਾ ਮੈਚ ਨਾ ਖੇਡ ਸਕਿਆ।

**ਸਰਵੋਤਮ ਖਿਡਾਰੀ:-** ਇਸ ਕੱਪ ਦੌਰਾਨ ਚੈਂਪੀਅਨ ਟੀਮ ਸੰਦੀਪ ਨੰਗਲ ਅੰਬੀਆਂ ਗਲੇਡੀਏਟਰ ਕਲੱਬ ਦੇ ਧਾਵੀ ਬੰਟੀ ਟਿੱਬਾ ਨੇ 18 ਅਜੇਤੂ ਧਾਵੇ ਬੋਲਕੇ ਸਰਵੋਤਮ ਧਾਵੀ ਦਾ ਖਿਤਾਬ ਆਪਣੇ ਨਾਮ ਕੀਤਾ। ਗਲੇਡੀਏਟਰ ਕਲੱਬ ਦੇ ਹੀ ਪਿੰਦੂਸੀਚੇਵਾਲ ਨੇ 9 ਕੋਸ਼ਿਸ਼ਾਂ ਤੋਂ 4 ਜੱਫੇ ਲਗਾਕੇ ਸਰਵੋਤਮ ਜਾਫੀ ਦਾ ਖਿਤਾਬ ਜਿੱਤਿਆ। ਕੈਨੇਡਾ ਦੀ ਧਰਤੀ 'ਤੇ ਆਪਣਾ ਪਹਿਲਾ ਟੂਰਨਾਮੈਂਟ ਖੇਡ ਰਹੇ ਵਾਹਿਗੁਰੂ ਸੀਚੇਵਾਲ ਨੇ ਗਲੇਡੀਏਟਰ ਕਲੱਬ ਦੀ ਖਿਤਾਬੀ ਜਿੱਤ 'ਚ ਵਧੀਆ ਯੋਗਦਾਨ ਪਾਇਆ।

**ਸੰਚਾਲਕ ਦਲ:-** ਟੂਰਨਾਮੈਂਟ ਦੌਰਾਨ ਗੁੱਲੂਪੱਡਾ, ਮਾ. ਬਲਜੀਤ ਸਿੰਘ ਰਤਨਗੜ੍ਹ, ਮੰਦਰ ਗਾਲਿਬ, ਬੋਲਾਬਲੇਰ ਖਾਂ ਤੇ ਮੱਖਣ ਸਿੰਘ ਨੇ ਅੰਪਾਇਰਿੰਗ ਦੀ ਜਿੰਮੇਵਾਰੀ ਨਿਭਾਈ। ਜਸਵੰਤ ਸਿੰਘ ਖੜਗ ਤੇ ਮਨੀ ਖੜਗ ਨੇ ਮੈਚਾਂ ਦੇ ਇੱਕ-ਇੱਕ ਅੰਕ ਦਾ ਵੇਰਵਾ ਬਾਖੂਬੀ ਨੋਟ ਕੀਤਾ। ਕਾਲਾ ਰਛੀਨ, ਮੱਖਣ ਅਲੀ, ਸੁਰਜੀਤ ਕਕਰਾਲੀ, ਇਕਬਾਲ ਗਾਲਿਬ, ਪ੍ਰਿਤਾਸ਼ੇਰਗੜ੍ਹ ਚੀਮਾ ਤੇ ਲੱਖਾਸਿੱਧਵਾਂ ਨੇ ਸ਼ੇਅਰੋ-ਸ਼ੇਅਰੀ ਨਾਲ ਭਰਪੂਰ ਕੁਮੈਂਟਰੀ ਰਾਹੀਂ ਸਾਰਾ ਦਿਨ ਰੰਗ ਬੰਨਿਆ।

# ਸਰੀ ਸੁਪਰ ਸਟਾਰਜ਼- ਕਾਮਾਗਾਟਾ ਮਾਰੂ ਕਬੱਡੀ ਕੱਪ: ਕੈਲਗਰੀ ਵਾਲਿਆਂ ਨੇ ਜਿੱਤਿਆ ਦੂਸਰਾ ਖਿਤਾਬ

## ਰੈਂਬੋ ਸਿੱਧੂ ਤੇ ਸ਼ੌਕਤ ਅਲੀ ਆਦਮਵਾਲ ਦਾ ਸੋਨ ਤਗਮਿਆਂ ਨਾਲ ਸਨਮਾਨ





1. ਕਬੱਡੀ ਪ੍ਰਮੋਟਰਰੈਂਬੋ ਸਿੱਧੂ ਨੂੰ ਸਨਮਾਨਿਤ ਕਰਦੇ ਹੋਏ ਐਮ ਪੀ ਰਣਦੀਪ ਸਰਾਏ, ਜੋਤੀ ਸਮਰਾ ਤੇ ਪ੍ਰਬੰਧਕ।2. ਕੱਪ ਜੇਤੂ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਦੀ ਟੀਮ।

ਸਰੀ (ਬੀ ਸੀ ਕੈਨੇਡਾ)- ਬੀ ਸੀ ਯੂਨਾਈਟਡ ਕਬੱਡੀ ਫੈਡਰੇਸ਼ਨ ਦੇ ਬੈਨਰ ਹੇਠ ਚੱਲ ਰਹੇ ਕਬੱਡੀ ਸੀਜ਼ਨ- 2023 ਦਾ ਸਰੀ ਸੁਪਰ ਸਟਾਰਜ਼ ਕਾਮਾਗਾਟਾ ਮਾਰੂ ਕਬੱਡੀ ਕਲੱਬ ਵੱਲੋਂ ਕਰਵਾਇਆ ਗਿਆ ਕਬੱਡੀ ਕੱਪ ਯੂਨਾਈਟਡ ਬੀ ਸੀ ਫਰੈਂਡਜ਼ ਕੈਲਗਰੀ ਦੀ ਟੀਮ ਨੇ ਜਿੱਤਣ ਦਾ ਮਾਣ ਹਾਸਿਲ ਕੀਤਾ ਹੈ। ਜਦੋਂ ਕਿ ਪੰਜਾਬ ਕੇਸਰੀ ਕਲੱਬ ਦੀ ਟੀਮ ਨੇ ਉੱਪ ਜੇਤੂ ਰਹਿਣ ਦਾ ਮਾਣ ਪ੍ਰਾਪਤ ਕੀਤਾ ਹੈ। ਜੇਤੂ ਟੀਮ ਦੇ ਖਿਡਾਰੀ ਸ਼ੀਲੂ ਬਾਹੂ ਅਕਬਰਪੁਰ ਤੇ ਰਵੀ ਦਿਉਰਾ ਨੇ ਕਰਮਵਾਰ ਸਰਵੋਤਮ ਜਾਫੀ ਤੇ ਧਾਵੀ ਬਣਨ ਦਾ ਮਾਣ ਪ੍ਰਾਪਤ ਕੀਤਾ ਅਤੇ ਸੋਨੇ ਦੀਆਂ ਮੁੰਦਰੀਆਂ ਦੇ ਹੱਕਦਾਰ ਬਣੇ। ਕੱਪ ਦੌਰਾਨ ਉੱਘੇ ਕਬੱਡੀ ਪ੍ਰਮੋਟਰ ਰੈਂਬੋ ਸਿੱਧੂ ਤੇ ਨਾਮਵਰ ਜਾਫੀ ਸਨੀ ਆਦਮਵਾਲ ਦੇ ਪਿਤਾ ਜਨਾਬ ਸ਼ੌਕਤ ਅਲੀ ਨੂੰ ਸੋਨ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਕੁਝ ਹੋਰ ਖਿਡਾਰੀਆਂ ਨੂੰ ਵੀ ਸੋਨੇ ਦੀਆਂ ਮੁੰਦਰੀਆਂ ਨਾਲ ਸਨਮਾਨਿਤ ਕੀਤਾ ਗਿਆ। ਬੀਤੇ ਦਿਨੀ ਸਵਰਗਵਾਸ ਹੋਏ ਮੈਕਸੀਕਨ ਮੂਲ ਦੇ ਮਰਹੂਮ ਕਬੱਡੀ ਖਿਡਾਰੀ ਯੈਰੋ ਸ਼ਾਵੇਜ਼ ਦੇ ਸਸਕਾਰ ਲਈ ਪ੍ਰਬੰਧਕਾਂ ਤੇ ਦਰਸ਼ਕਾਂ ਵੱਲੋਂ ਮੌਕੇ 'ਤੇ ਹੀ 13 ਹਜ਼ਾਰ ਤੋਂ ਵੱਧ ਡਾਲਰ ਇਕੱਤਰ ਕਰਕੇ, ਯੈਰੋ ਦੇ ਭਰਾ ਐਰੋ ਸ਼ਾਵੇਜ਼ ਨੂੰ ਪ੍ਰਦਾਨ ਕੀਤੇ।

ਜੋਤੀ ਸਮਰਾ ਦੀ ਅਗਵਾਈ 'ਚ ਸਰੀ ਸੁਪਰ ਸਟਾਰਜ਼- ਕਾਮਾਗਾਟਾ ਮਾਰੂ ਕਲੱਬ ਵੱਲੋਂ ਕਰਵਾਏ ਗਏ ਕਬੱਡੀ ਕੱਪ ਨੂੰ ਕਰਵਾਉਣ ਲਈ ਸੋਨੂੰ ਸਮਰਾ, ਸੁੱਖ ਖੋਸਾ, ਸਾਬੀ ਤੱਖਰ, ਸੁੰਨੀ ਗਰੇਵਾਲ, ਪੰਮਾ ਗਿੱਲ, ਤ੍ਰਿਲੋਕ ਮੱਲੀ, ਪਾਲਾ ਸੁੰਨੜ, ਸ਼ੀਰਾ ਮੱਲ੍ਹਾ, ਲਹਿੰਬਰ ਕੰਗ, ਹਰਮਨ ਸਮਰਾ, ਅਰਸ਼ ਸਮਰਾ, ਅੰਮ੍ਰਿਤ ਗਰੇਵਾਲ, ਜੋਸ਼ ਖੁੱਸਾ, ਹਰਜਾਪ ਜੌਹਲ, ਅਮਰਜੀਤ ਸੰਘੇੜਾ, ਬਿੱਲਾ ਸਿੱਧੂ, ਰਾੜਾ ਸਿੱਧੂ, ਅਵਤਾਰ ਧਾਲੀਵਾਲ, ਕੋਚ ਕੇ ਐਸ ਨਿੰਨੀ, ਸੰਦੀਪ ਗੁਰਦਾਸਪੁਰ, ਜੱਗਾ, ਕਰਨਵੀਰ ਲਾਲੀ, ਰਿੰਕੂ ਸਿੱਧੂ, ਸੁੱਖੀ ਸਿੱਧੂ, ਸੁਖਪਾਲ ਸਿੰਘ, ਅਮਨਦੀਪ ਸਿੰਘ, ਏਕਮ ਸਿੱਧੂ, ਈਸ਼ਰ ਸਿੱਧੂ, ਗੱਗੀ ਤੂਰ, ਜੱਸਾ ਸਿੱਧਵਾਂ ਤੇ ਨਵੀ ਵਿਰਕ ਨੇ ਅਹਿਮ ਯੋਗਦਾਨ ਪਾਇਆ। ਕੁਲਵਿੰਦਰ ਪੱਤੜ, ਰੈਂਬੋ ਸਿੱਧੂ, ਨਰਿੰਦਰ ਧਾਲੀਵਾਲ, ਗੋਲਡੀ ਧਾਲੀਵਾਲ, ਜੱਸੀ ਸਰਾਏ ਤੇ ਦਲਜੀਤ ਮਾਂਗਟ ਦੀ ਅਗਵਾਈ 'ਚ ਯੰਗ ਕਲੱਬ ਟੋਰਾਂਟੋ ਵੱਲੋਂ ਕੱਪ ਦੀ ਸਫਲਤਾ ਲਈ ਵੱਡੀ ਨਕਦ ਰਾਸ਼ੀ ਪ੍ਰਦਾਨ ਕੀਤੀ ਗਈ। ਕੱਪ ਦੌਰਾਨ ਅਲਬਰਟਾ ਤੋਂ ਐਮ.ਪੀ. ਟਿਮ ਉੱਪਲ ਤੇ ਜਸਰਾਜ ਸਿੰਘ ਹੱਲਣ, ਬੀ ਸੀ ਤੋਂ ਐਮ.ਪੀ. ਰਣਦੀਪ ਸਰਾਏ, ਪੰਜਾਬ ਤੋਂ ਆਲ ਇੰਡੀਆ ਟਰੱਕ ਅਪਰੇਟਰਜ਼ ਯੂਨੀਅਨ ਦੇ ਪ੍ਰਧਾਨ ਕੁਲਤਰਨ ਸਿੰਘ ਵੀ ਵਿਸ਼ੇਸ਼ ਮਹਿਮਾਨਾਂ ਵਜੋ ਪੁੱਜੇ।

ਕੱਪ ਦੌਰਾਨ ਪ੍ਰਬੰਧਕਾਂ ਵੱਲੋਂ ਉੱਘੇ ਕਬੱਡੀ ਪ੍ਰਮੋਟਰ ਰੈਂਬੋ ਸਿੱਧੂ ਟੋਰਾਂਟੋ ਤੇ ਨਾਮਵਰ ਜਾਫੀ ਸਨੀ ਆਦਮਵਾਲ ਦੇ ਪਿਤਾ ਜਨਾਬ ਸ਼ੌਕਤ ਅਲੀ ਨੂੰ ਸੋਨ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਕਬੱਡੀ ਖਿਡਾਰੀ ਜੀਤਾ ਤਲਵੰਡੀ, ਕਮਲ, ਤਾਰੀ ਖੀਰਾਂਵਾਲ ਤੇ ਕਬੱਡੀ ਦਾ ਬੁਲਾਰੇ ਲੱਖਾ ਸਿੱਧਵਾ ਦਾ ਸੋਨੇ ਦੀਆਂ ਮੁੰਦਰੀਆਂ ਨਾਲ ਸਨਮਾਨ ਕੀਤਾ ਗਿਆ। ਉੱਘੇ ਟਰਾਂਸਪੋਰਟਰ ਕੁਲਤਰਨ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਟੂਰਨਾਮੈਂਟ ਦੀ ਚੈਂਪੀਅਨ ਟੀਮ ਨੂੰ ਸੁੱਖ ਖੋਸਾ, ਗੁਰਮੁਖ ਖੋਸਾ, ਤੀਰਥ ਖੋਸਾ, ਇਕਬਾਲ ਚਾਹਲ, ਸਿਮਰ ਘੁੰਮਣ, ਜਸ ਘੁੰਮਣ, ਪਵਿੱਤਰ ਸਿੰਘ ਤੇ ਜੱਗਾ ਕਪੂਰਥਲਾ ਵੱਲੋਂ ਇਨਾਮ ਦਿੱਤਾ ਗਿਆ। ਉੱਪ ਜੇਤੂ ਟੀਮ ਨੂੰ ਜਵਾਹਰ ਪੱਡਾ, ਗੇਟ ਵੇਅ ਪੀਜ਼ਾ, ਚਰਨਜੀਤ ਚੰਨੀ ਤੇ ਪਾਲਾ ਸੁੰਨੜ ਵੱਲੋਂ ਇਨਾਮ ਦਿੱਤਾ ਗਿਆ।

ਆਰੰਭਕ ਗੇੜ ਦੇ ਪਹਿਲੇ ਮੈਚ 'ਚ ਸਰੀ ਸੁਪਰ ਸਟਾਰਜ਼- ਕਾਮਾਗਾਟਾ ਮਾਰੂ ਕਲੱਬ ਨੇ ਰਾਜਵੀਰ ਰਾਜੂ-ਸ਼ਹੀਦ ਭਗਤ ਸਿੰਘ ਕਲੱਬ ਨੂੰ 44-34 ਅੰਕਾਂ ਨਾਲ ਹਰਾਇਆ। ਦੂਸਰੇ ਮੈਚ 'ਚ ਰਿਚਮੰਡ-ਐਬਟਸਫੋਰਡ ਕਲੱਬ ਨੇ ਗਲੇਡੀਏਟਰ ਸੰਦੀਪ ਸੰਧੂ ਕਲੱਬ ਵੈਨਕੂਵਰ ਨੂੰ 39-36 ਅੰਕਾਂ ਨਾਲ ਹਰਾਇਆ। ਤੀਸਰੇ ਮੈਚ 'ਚ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 45-33 ਅੰਕਾਂ ਨਾਲ ਹਰਾਇਆ।

ਦੂਸਰੇ ਦੌਰ ਦੇ ਪਹਿਲੇ ਮੈਚ 'ਚ ਪੰਜਾਬ ਕੇਸਰੀ ਕਲੱਬ ਨੇ ਗਲੇਡੀਏਟਰ ਸੰਦੀਪ ਸੰਧੂ ਕਲੱਬ ਵੈਨਕੂਵਰ ਨੂੰ 42-38 ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਦੂਸਰੇ ਮੈਚ 'ਚ ਸਰੀ ਸੁਪਰ ਸਟਾਰਜ਼ ਕਾਮਾਗਾਟਾ ਮਾਰੂ ਕਲੱਬ ਦੀ ਟੀਮ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 39-37 ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਤੀਸਰੇ ਮੈਚ 'ਚ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਨੇ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੂੰ 50-34 ਅੰਕਾਂ ਦੇ ਵੱਡੇ ਅੰਤਰ ਨਾਲ ਹਰਾਕੇ, ਆਖਰੀ ਚਾਰ 'ਚ ਥਾਂ ਬਣਾਈ।

ਪਹਿਲੇ ਸੈਮੀਫਾਈਨਲ 'ਚ ਪੰਜਾਬ ਕੇਸਰੀ ਕਲੱਬ ਨੇ ਸਰੀ ਸੁਪਰ ਸਟਾਰਜ਼ ਕਾਮਾਗਾਟਾ ਮਾਰੂ ਕਲੱਬ ਦੀ ਟੀਮ ਨੂੰ 50-37 ਅੰਕਾਂ ਦੇ ਅੰਤਰ ਨਾਲ ਹਰਾਕੇ, ਫਾਈਨਲ 'ਚ ਥਾਂ ਬਣਾਈ। ਦੂਸਰੇ ਸੈਮੀਫਾਈਨਲ 'ਚ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਨੇ ਰਿਚਮੰਡ-ਐਬਟਸਫੋਰਡ ਕਲੱਬ ਦੀ ਟੀਮ ਨੂੰ 54-40 ਅੰਕਾਂ ਨਾਲ ਹਰਾਕੇ, ਖਿਤਾਬੀ ਦੌੜ 'ਚ ਨਾਮ ਲਿਖਾਇਆ। ਫਾਈਨਲ ਮੁਕਾਬਲੇ 'ਚ ਯੂਨਾਈਟਡ ਬੀ ਸੀ ਫਰੈਂਡਜ਼ ਕਲੱਬ ਕੈਲਗਰੀ ਦੀ ਟੀਮ ਨੇ ਪੰਜਾਬ ਕੇਸਰੀ ਕਲੱਬ ਦੀ ਟੀਮ ਨੂੰ 56-44 ਅੰਕਾਂ ਨਾਲ ਹਰਾਕੇ, ਲਗਾਤਾਰ ਦੂਸਰਾ ਖਿਤਾਬ ਜਿੱਤਿਆ। ਕੱਪ ਜੇਤੂ ਯੂਨਾਈਟਡ ਬੀ ਸੀ ਫਰੈਂਡਜ਼ ਕਬੱਡੀ ਕਲੱਬ ਕੈਲਗਰੀ ਦੇ ਖਿਡਾਰੀ ਰਵੀ ਦਿਉਰਾ ਨੇ 14 ਰੇਡਾਂ ਤੋਂ 13 ਅੰਕ ਬਟੋਰ ਕੇ ਸਰਵੋਤਮ ਧਾਵੀ ਦਾ ਅਤੇ ਸ਼ੀਲੂ ਬਾਹੂ ਅਕਬਰਪੁਰ ਨੇ 14 ਕੋਸ਼ਿਸ਼ਾਂ ਤੋਂ 5 ਜੱਫੇ ਲਗਾ ਕੇ ਬਿਹਤਰੀਨ ਜਾਫੀ ਦਾ ਖਿਤਾਬ ਜਿੱਤਿਆ।

ਕੱਪ ਦੌਰਾਨ ਜਿੱਥੇ ਟੋਰਾਂਟੋ ਤੋਂ ਆਏ ਕਬੱਡੀ ਪ੍ਰਮੋਟਰਾਂ ਨੇ ਖਿਡਾਰੀਆਂ ਤੋਂ ਹਜ਼ਾਰਾਂ ਡਾਲਰ ਵਾਰੇ ਉੱਥੇ ਪ੍ਰਬੰਧਕਾਂ ਵੱਲੋਂ ਵੀ ਕੱਪ ਦੌਰਾਨ ਸੋਨੇ ਦੀਆਂ ਮੁੰਦਰੀਆਂ ਨਾਲ ਸਨਮਾਨ ਕਰਕੇ ਵਿਲੱਖਣ ਕਾਰਜ ਕੀਤਾ। ਟੂਰਨਾਮੈਂਟ ਦੌਰਾਨ ਅਨੁਸ਼ਾਸ਼ਨ ਕਾਇਮ ਰੱਖਣ ਲਈ ਸਫਲ ਯਤਨ ਕੀਤੇ ਗਏ। ਸਨਮਾਨ ਚਿੰਨ੍ਹਾਂ ਵਜੋਂ ਪ੍ਰਬੰਧਕਾਂ ਵੱਲੋਂ ਪੰਜਾਬੀ 'ਚ ਲਿਖੀਆਂ (ਪੈਂਤੀ ਅੱਖਰੀ ਵਾਲੀਆਂ) ਟਰਾਫੀਆਂ ਦਿੱਤੀਆਂ ਗਈਆਂ। ਕੱਪ ਜੇਤੂ ਟੀਮ ਨੇ ਹਰੇਕ ਮੈਚ ਦਰਜ਼ਨ ਤੋਂ ਵਧੇਰੇ ਅੰਕਾਂ ਨਾਲ ਜਿੱਤਿਆ।



ਡਾ. ਸੁਖਦਰਸ਼ਨ ਸਿੰਘ ਚਹਿਲ
9779590575,
+1 (403) 660-5476

# ਡਾ. ਸੁਰਿੰਦਰ ਧੰਜਲ ਦੀ ਕਿਸਾਨ ਅੰਦੋਲਨ ਬਾਰੇ ਕਾਵਿ-ਪੁਸਤਕ ਦੀਵੇ ਜਗਦੇ ਰਹਿਣਗੇ ਸਰ੍ਹੀ ਵਿੱਚ ਰਿਲੀਜ਼

ਸਰ੍ਹੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਇਤਿਹਾਸਕ ਕਿਸਾਨ ਅੰਦੋਲਨ 'ਤੇ ਅਧਾਰਤ ਟੌਮਸਨ ਰਿਵਰਜ਼ ਯੂਨੀਵਰਸਿਟੀ ਕੈਮਲੂਪਸ ਦੇ ਪ੍ਰੋਫ਼ੈਸਰ ਅਮੈਰੀਟਸ ਡਾ. ਸੁਰਿੰਦਰ ਧੰਜਲ ਦੀਆਂ ਕਵਿਤਾਵਾਂ ਦੀ ਨਵ-ਪ੍ਰਕਾਸ਼ਿਤ ਕਿਤਾਬ ਦੀਵੇ ਜਗਦੇ ਰਹਿਣਗੇ ਨੂੰ ਪਹਿਲੀ ਜੁਲਾਈ ਨੂੰ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਪੰਜਾਬੀ ਸਾਹਿਤਕ-ਸਭਿਆਚਾਰਕ ਵਿਚਾਰ ਮੰਚ ਸਰ੍ਹੀ ਬੀਸੀ (ਕੈਨੇਡਾ) ਵੱਲੋਂ ਰਲੀਜ਼ ਕੀਤਾ ਗਿਆ। ਇਸਦੇ ਨਾਲ ਅਮਰਜੀਤ ਚਾਹਲ ਦਾ ਨਾਵਲ ਓਟ ਅਤੇ ਡਾ. ਧੰਜਲ ਦੁਆਰਾ ਪਾਸ਼ ਦੀਆਂ ਕਿਰਤੀ-ਕਿਸਾਨਾਂ ਬਾਰੇ ਚੋਣਵੀਆਂ ਨਜ਼ਮਾਂ ਦੀ ਸੰਪਾਦਤ ਪੁਸਤਕ ਖੇਤਾਂ ਦਾ ਪੁੱਤ : ਪਾਸ਼ ਉਪਰ ਵੀ ਪਰਚੇ ਪੜ੍ਹੇ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੈਨੇਡੀਅਨ ਰੰਗ ਮੰਚ ਦੀ ਉੱਘੀ ਸ਼ਖ਼ਸੀਅਤ ਭੁਪਿੰਦਰ ਧਾਲੀਵਾਲ ਨੇ ਬਾਖ਼ੂਬੀ ਨਿਭਾਈ।

ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਆਗੂ ਪ੍ਰੋਫ਼ੈਸਰ ਕਿਰਪਾਲ ਬੈਂਸ ਨੇ ਕਿਹਾ ਕਿ ਦੀਵੇ ਜਗਦੇ ਰਹਿਣਗੇ ਪੰਜਾਬ ਦੇ ਜੁਝਾਰੂ ਸਾਹਿਤ ਦਾ ਹਾਸਲ ਹੈ। ਇਸ ਵਿਚਲੀਆਂ ਸਾਰੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਭਾਰਤ ਦਾ 2020-21 ਵਿੱਚ ਕਿਰਤੀਆਂ-ਕਿਸਾਨਾਂ ਵਲੋਂ ਲੜਿਆ ਇਤਿਹਾਸਕ ਕਿਸਾਨ ਅੰਦੋਲਨ ਹੈ। 'ਲਿਖ, ਬੋਲ, ਤੇ ਗਾ ਕਿ ਤੇਰੇ ਕੋਲ ਤੇਰੀ ਜੀਭ ਹੈ ...' ਸਤਰ ਦਾ ਹਵਾਲਾ ਦਿੰਦਿਆਂ ਕਿਰਪਾਲ ਨੇ ਕਿਹਾ ਕਿ ਸੁਰਿੰਦਰ ਦੀਆਂ ਇੰਨਾਂ ਲਾਈਨਾਂ ਨੇ ਉਸਨੂੰ ਫ਼ੈਜ਼ ਅਤੇ ਸੁਰਜੀਤ ਪਾਤਰ ਦੀਆਂ ਵਿਸ਼ਵ ਪ੍ਰਸਿੱਧ ਰਚਨਾਵਾਂ ਨੂੰ ਚੇਤੇ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਉੱਚ ਪਾਏ ਦੀ ਪੁਸਤਕ ਦੀਵੇ ਜਗਦੇ ਰਹਿਣਗੇ ਦੀ ਰਚਨਾ ਨਾਲ ਡਾ. ਧੰਜਲ ਪੰਜਾਬ ਦੇ ਜੁਝਾਰੂ ਕਵੀਆਂ ਪਾਸ਼, ਉਦਾਸੀ ਅਤੇ ਦਿਲ ਦੀ ਕਤਾਰ ਵਿੱਚ ਜਾ ਖੜ੍ਹਾ ਹੁੰਦਾ ਹੈ।

ਜਗਦੇਵ ਸਿੰਘ ਸਿੱਧੂ (ਕੈਲਗਰੀ) ਦੇ



ਦੀਵੇ ਜਗਦੇ ਰਹਿਣਗੇ ਪੁਸਤਕ ਬਾਰੇ ਲਿਖੇ ਪਰਚੇ ਦਾ ਸਾਰ-ਅੰਸ਼ ਮੰਚ ਸੰਚਾਲਕ ਭੁਪਿੰਦਰ ਧਾਲੀਵਾਲ ਨੇ ਪੇਸ਼ ਕੀਤਾ। ਜਗਦੇਵ ਸਿੰਘ ਸਿੱਧੂ ਨੇ ਦੀਵੇ ਜਗਦੇ ਰਹਿਣਗੇ ਨੂੰ ਵਿਸ਼ਵ ਪ੍ਰਸਿੱਧੀ ਵਾਲੇ ਭਾਰਤੀ ਕਿਸਾਨ ਅੰਦੋਲਨ ਦਾ ਮਹੱਤਵਪੂਰਨ ਦਸਤਾਵੇਜ਼ ਕਰਾਰ ਦਿੰਦਿਆਂ ਲਿਖਿਆ ਕਿ ਇਹ ਕਾਵਿਕ ਗੁਣਾਂ ਪੱਖੋਂ ਪੰਜਾਬੀ ਸਾਹਿਤ ਜਗਤ ਵਿਚ ਵੀ ਵਿਸ਼ੇਸ਼ ਸਥਾਨ ਅਖਤਿਆਰ ਕਰਨਯੋਗ ਰਚਨਾ ਹੈ। ਜਗਦੇਵ ਸਿੱਧੂ ਦੇ ਪਰਚੇ ਅਨੁਸਾਰ ਜਿਵੇਂ ਇਹ ਅੰਦੋਲਨ ਆਉਂਦੇ ਸਮਿਆਂ ਅੰਦਰ ਦੁਨੀਆਂ ਵਿੱਚ ਹੋਣ ਵਾਲੇ ਕਿਰਤੀ-ਕਿਸਾਨ ਸੰਘਰਸ਼ਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਰਹੇਗਾ, ਉਵੇਂ ਇਹ ਪੁਸਤਕ ਇੱਕ ਸ਼ਿਲਾਲੇਖ ਦੇ ਰੂਪ ਵਿੱਚ ਜਿੱਤ ਦੀ ਜਾਮਨੀ ਭਰਦੀ ਰਹੇਗੀ। ਮੋਹਨ ਗਿੱਲ ਨੇ ਕਿਸਾਨ ਅੰਦੋਲਨ ਦੌਰਾਨ ਡਾ. ਧੰਜਲ ਦੁਆਰਾ ਸੰਪਾਦਤ ਕਿਤਾਬ ਖੇਤਾਂ ਦਾ ਪੁੱਤ : ਪਾਸ਼ ਬਾਰੇ ਪਰਚਾ ਪੜ੍ਹਦਿਆਂ ਇਸ ਪੁਸਤਕ ਨੂੰ ਗਰਮ ਲੋਹੇ ਤੇ ਹਥੌੜੇ ਦੀ ਤਸ਼ਬੀਹ ਦਿੰਦਿਆਂ ਇਸਨੂੰ ਸੰਪਾਦਨ-ਕਲਾ ਦੀ ਸਿਖਰ ਕਿਹਾ। ਉਨ੍ਹਾਂ ਕਿਹਾ ਕਿ ਪਾਸ਼ ਦੀਆਂ ਰਚਨਾਵਾਂ 'ਤੇ ਅਧਾਰਤ ਇਸ ਕਿਤਾਬ ਨੇ ਇੱਕ ਵਾਰ ਮੁੜ ਸਾਬਤ ਕੀਤਾ ਹੈ ਕਿ ਪਾਸ਼ ਦੀ ਕਵਿਤਾ ਧਰਤੀ ਦੀ ਕਵਿਤਾ ਹੈ, ਨਾ ਕਿ ਅੰਬਰ ਦੀ।

ਅਮਰਜੀਤ ਚਾਹਲ ਦੇ ਬਹੁ-ਚਰਚਿਤ ਨਾਵਲ ਓਟ ਬਾਰੇ ਬਹੁ ਪੱਖੀ ਲੇਖਿਕਾ ਸੁਰਜੀਤ ਕਲਸੀ ਨੇ ਆਪਣਾ ਪਰਚਾ ਪੜ੍ਹਿਆ। ਸੁਰਜੀਤ ਕਲਸੀ ਨੇ ਨਾਵਲ ਦੇ ਹਰ ਪੱਖ ਬਾਰੇ ਵਿਸਥਾਰ-ਪੂਰਬਕ ਚਰਚਾ ਕੀਤੀ। ਉਨ੍ਹਾਂ ਨੇ ਇਸ ਰਚਨਾ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਵਿੱਚ ਛਪੇ ਹੁਣ ਤੱਕ ਦੇ ਗਲਪ ਦਾ ਸਿਖਰ ਕਰਾਰ ਦਿੱਤਾ।


ਡਾ. ਧੰਜਲ ਅਨੁਸਾਰ ਅਮਰਜੀਤ ਚਾਹਲ ਬਹੁਤ ਘੱਟ ਪਰ ਬਹੁਤ ਠੋਸ ਲਿਖਣ ਵਾਲਾ ਲੇਖਕ ਹੈ। ਉਨ੍ਹਾਂ ਕਿਹਾ ਕਿ ਅਮਰਜੀਤ ਚਾਹਲ ਨੇ ਨਾਵਲ ਓਟ ਵਿੱਚ ਜਿਸ ਡੂੰਘਾਈ, ਪਕਰੌੜਤਾ ਅਤੇ ਕਲਾ ਕੌਸ਼ਲਤਾ ਨਾਲ ਕੈਨੇਡਾ, ਅਮਰੀਕਾ ਅਤੇ ਭਾਰਤ ਦੇ ਸਮਕਾਲ ਦੇ ਦਰਸ਼ਨ ਕਰਵਾਏ ਹਨ, ਉਹ ਪੰਜਾਬੀ ਦੇ ਬਹੁਤ ਸਾਰੇ ਕਲਮਕਾਰਾਂ ਲਈ ਅਪਹੁੰਚ ਹੈ।

ਇੰਜ. ਸਤਵੰਤ ਦੀਪਕ ਨੇ 'ਪਹਿਲਾ ਪਾਣੀ ਜੀਓ ਹੈ...' ਪਰਚੇ ਵਿੱਚ ਵਿਸ਼ਵ ਵਿੱਚ ਪੈਦਾ ਹੋ ਰਹੇ ਜਲ ਸੰਕਟ ਦੇ ਖਤਰਿਆਂ ਅਤੇ ਇਸਦੀ ਆੜ ਵਿੱਚ ਸਾਮਰਾਜੀ ਮੁਲਕਾਂ ਵਲੋਂ ਚੱਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਦਾ ਪਰਦਾ ਫਾਸ਼ ਕੀਤਾ। ਨਵਤੇਜ ਭਾਰਤੀ, ਅਜਮੇਰ ਰੋਡੇ, ਮਹਿੰਦਰ ਪਾਲ ਧਾਲੀਵਾਲ (ਇੰਗਲੈਂਡ), ਕ੍ਰਿਸ਼ਨ ਭਨੋਟ, ਅਮਰੀਕ ਪਲਾਹੀ, ਮੋਹਨ ਗਿੱਲ, ਅੰਮ੍ਰਿਤ ਦੀਵਾਨਾ ਅਤੇ ਇੰਦਰੇਸ਼ ਨੇ ਆਪਣੀਆਂ ਤਾਜ਼ੀਆਂ ਨਜ਼ਮਾਂ ਨਾਲ ਹਾਜ਼ਰੀ ਲੁਆਈ। ਸਮੇਟਵੇਂ ਸ਼ਬਦ ਬੋਲਣ ਤੋਂ ਪਹਿਲਾਂ ਡਾ. ਸੁਰਿੰਦਰ ਧੰਜਲ ਨੇ ਆਪਣੀ ਪੁਸਤਕ ਦੀ ਟਾਈਟਲ ਨਜ਼ਮ 'ਦੀਵੇ ਜਗਦੇ ਰਹਿਣਗੇ' ਪ੍ਰਭਾਵਸ਼ਾਲੀ ਢੰਗ ਨਾਲ ਸੁਣਾਈ।

# 29 ਜੁਲਾਈ 2023 ਨੂੰ ਕੈਲਗਰੀ ਵਿੱਚ ਸੰਗੀਤ ਦਾ ਹੜ੍ਹ ਆਵੇਗਾ !

## ਗਾਇਕ ਨਿੰਜਾ ਅਤੇ ਬਿਲਾਲ, ਖਲੀਫਾ ਬੈਂਡ ਦੀਆਂ ਸੰਗੀਤਕ ਧੁੰਨਾਂ ਨਾਲ ਨੋ ਬਾਉਂਡਰੀਜ਼ ਪੇਸ਼ ਕਰਨਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਗਰਮੀਆਂ ਸੁਰੂ ਹੁੰਦਿਆਂ ਹੀ ਗੀਤ ਸੰਗੀਤ ਦੇ ਪ੍ਰੋਗਰਾਮ ਕਨੇਡਾ ਦੀ ਧਰਤੀ ਉੱਪਰ ਹੋਣੇ ਸ਼ੁਰੂ ਹੋ ਜਾਂਦੇ ਹਨ ਪਰ ਉਹਨਾਂ ਵਿੱਚੋਂ ਕਈ ਪਰੋਗਰਾਮ ਅਜਿਹੇ ਹੁੰਦੇ ਹਨ ਕਿ ਉਹਨਾਂ ਵਰਗਾ ਕੋਈ ਹੋਰ ਨਹੀਂ ਹੁੰਦਾ। ਅਜਿਹਾ ਹੀ ਇੱਕ ਪਰੋਗਰਾਮ 29 ਜੁਲਾਈ 2023 ਵਾਲੇ ਦਿਨ ਕੈਲਗਰੀ ਵਿਖੇ ਹਿੰਦ-ਪਾਕਿ ਦੀਆਂ ਹੱਦਾਂ ਬੰਨਿਆਂ ਨੂੰ ਟੱਪਦਾ ਹੋਇਆ ਦੋਵਾਂ ਮੁਲਕਾਂ ਦੇ ਨਾਮਵਰ ਗਾਇਕਾਂ ਨੂੰ ਇੱਕੋ ਮੰਚ ਉੱਪਰ ਪੇਸ਼ ਕਰੇਗਾ। ਧਾਕੜ ਜਿਹੇ ਬੋਲਾਂ ਅਤੇ ਆਵਾਜ਼ ਦੀ ਬੁਲੰਦਗੀ ਵਾਲਾ ਪੰਜਾਬੀ ਗਾਇਕ ਨਿੰਜਾ ਅਤੇ ਪਾਕਿਸਤਾਨੀ ਸੰਗੀਤਕ ਫਿਜ਼ਾ ਦੀ ਤਾਜ਼ਗੀ ਭਰੀ ਮਹਿਕ ਲੈਕੇ ਬਿਲਾਲ ਵੀ ਹਜ਼ਿਰ ਹੋਵੇਗਾ। ਇਹਨਾਂ ਦੋਵਾਂ ਗਾਇਕਾਂ ਦੇ ਬੋਲਾਂ ਨੂੰ ਸੰਗੀਤਕ ਸੁਰਬੱਧ ਕਰਨ ਲਈ ਖਲੀਫਾ ਬੈਂਡ ਦਾ ਵਿਸੇਸ਼ ਯੋਗਦਾਨ ਹੋਵੇਗਾ। 29 ਜੁਲਾਈ 2023 ਨੂੰ ਸਾਮ ਦੇ 7:00 ਵਜੇ ਜੈਕ ਸਿੰਗਰ ਹਾਲ ਵਿੱਚ ਹੋਣ ਵਾਲੇ ਇਸ ਪਰੋਗਰਾਮ ਦੀ ਪਰਬੰਧਕੀ ਟੀਮ ਦੇ ਰਿੱਕੀ ਕਲੇਰ ਅਤੇ ਜਸਟਿਨ ਗਿੱਲ ਦਾ ਦਾਅਵਾ ਹੈ ਕਿ ਤੁਹਾਡੇ ਟਿਕਟਾਂ ਉੱਪਰ ਖਰਚੇ ਹੋਏ ਡਾਲਰ ਤੁਹਾਨੂੰ ਸੰਗੀਤਕ ਆਨੰਦਮਈ ਰੂਪ ਵਿੱਚ ਵਾਪਿਸ ਕੀਤੇ ਜਾਣਗੇ। ਟਿਕਟਾਂ ਦੀ ਖਰੀਦ ਲਈ ਤੁਸੀਂ ਇਸ ਪੇਜ ਉੱਪਰ ਜਾਂ ਸਕੈਨ ਕਰਕੇ ਵੀ ਖਰੀਦ ਸਕਦੇ ਹੋ ਜਾਂ ਫਿਰ 587 899 8823 ਉੱਪਰ ਵੀ ਸੰਪਰਕ ਕੀਤਾ ਜਾ ਸਕਦਾ ਹੈ।



# ਪਾਕਿਸਤਾਨ ਵਿੱਚ ਹਿੰਦੂ ਮੰਦਿਰਾਂ ਉੱਪਰ ਹਮਲੇ ਵਧ ਗਏ ਹਨ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ 'ਚ ਸਿੰਧ ਦੇ ਕਸ਼ਮੋਰ 'ਚ ਇੱਕ ਹਿੰਦੂ ਮੰਦਰ 'ਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ। ਹਮਲਾਵਰਾਂ ਨੇ ਮੰਦਰ ਅਤੇ ਆਸਪਾਸ ਦੇ ਹਿੰਦੂ ਭਾਈਚਾਰੇ ਦੇ ਘਰਾਂ 'ਤੇ ਵੀ ਅੰਨ੍ਹੇਵਾਹ ਗੋਲੀਆਂ ਚਲਾਈਆਂ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਪੁਲੀਸ ਮੌਕੇ 'ਤੇ ਪਹੁੰਚ ਗਈ ਪਰ ਉਦੋਂ ਤੱਕ ਹਮਲਾਵਰ ਫਰਾਰ ਹੋ ਗਏ ਸਨ। ਪਾਕਿਸਤਾਨ ਵਿੱਚ 48 ਘੰਟਿਆਂ ਵਿੱਚ ਹਿੰਦੂ ਮੰਦਰ ਵਿੱਚ ਭੰਨਤੋੜ ਦੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਕਰਾਚੀ 'ਚ 150 ਸਾਲ ਪੁਰਾਣੇ ਹਿੰਦੂ ਮੰਦਰ ਨੂੰ ਢਾਹ ਦਿੱਤਾ ਗਿਆ ਸੀ। ਸਥਾਨਕ ਲੋਕਾਂ ਨੇ ਦੱਸਿਆ ਕਿ ਰਾਤ ਨੂੰ ਮਾਰੀ ਮਾਤਾ ਮੰਦਰ 'ਤੇ ਬੁਲਡੋਜ਼ਰ ਚਲਾਇਆ ਗਿਆ। ਉਸ ਸਮੇਂ ਇਲਾਕੇ ਵਿੱਚ ਬਿਜਲੀ ਨਹੀਂ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਦੌਰਾਨ ਮੰਦਰ ਬੰਦ ਸੀ, ਇਸ ਲਈ ਜ਼ਿਆਦਾ ਨੁਕਸਾਨ ਨਹੀਂ ਹੋਇਆ। ਸ਼ੁਰੂਆਤੀ ਜਾਂਚ ਮੁਤਾਬਕ ਹਮਲਾਵਰ 8 ਤੋਂ 9 ਲੋਕ ਸਨ। ਪੁਲਿਸ ਵੱਲੋਂ ਇਨ੍ਹਾਂ ਦੀ ਭਾਲ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।

# ਹੋ ਸਕਦੈ ਇਸ ਸਾਲ ਦੇ ਆਖਿਰੀ ਮਹੀਨਿਆਂ ਦੌਰਾਨ ਪਾਕਿਸਤਾਨ ਅੰਦਰ ਚੋਣਾਂ ਹੋ ਜਾਣ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਕਾਰਜਕਾਲ 14 ਅਗਸਤ ਨੂੰ ਖਤਮ ਹੋ ਜਾਵੇਗਾ ਅਤੇ ਅਕਤੂਬਰ ਜਾਂ ਨਵੰਬਰ ਤੱਕ ਚੋਣਾਂ ਕਰਵਾਈਆਂ ਜਾਣਗੀਆਂ। ਦੱਸ ਦੇਈਏ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਲਜ਼ਾਮ ਲਗਾਇਆ ਸੀ ਕਿ ਸ਼ਾਹਬਾਜ਼ ਸ਼ਰੀਫ ਕਿਸੇ ਨਾ ਕਿਸੇ ਤਰੀਕੇ ਨਾਲ ਚੋਣਾਂ ਨੂੰ ਅਗਲੇ ਸਾਲ ਯਾਨੀ 2024 ਤੱਕ ਲਿਜਾਣਾ ਚਾਹੁੰਦੇ ਹਨ ਅਤੇ ਇਸ ਸਾਜ਼ਿਸ਼ ਵਿੱਚ ਫੌਜ



ਸ਼ਰੀਫ ਮੁਤਾਬਕ ਚੋਣ ਕਮਿਸ਼ਨ ਨੇ ਆਮ ਚੋਣਾਂ ਦੀਆਂ ਤਰੀਕਾਂ ਤੈਅ ਕਰਨੀਆਂ ਹਨ। ਰਾਸ਼ਟਰੀ ਰਾਜਧਾਨੀ 'ਚ ਇੱਕ ਪ੍ਰੋਗਰਾਮ ਦੌਰਾਨ ਸ਼ਾਹਬਾਜ਼ ਨੇ ਭਾਰਤ ਦਾ ਨਾਂ ਹੀ ਨਹੀਂ ਲਿਆ, ਸਗੋਂ ਉਸ ਦੀ ਤਾਰੀਫ ਕੀਤੀ। ਕਿਹਾ- ਹੁਣ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡਾ ਗੁਆਂਢੀ ਸਾਡੇ ਤੋਂ ਬਹੁਤ ਅੱਗੇ ਨਿਕਲ ਗਿਆ ਹੈ ਅਤੇ ਅਸੀਂ ਉਸ ਨਾਲ ਕਿਸੇ ਦੌੜ ਵਿੱਚ ਨਹੀਂ ਹਾਂ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਹੀ ਨਹੀਂ, ਸਗੋਂ ਸੱਤਾਧਾਰੀ ਗਠਜੋੜ ਪੀਡੀਐਮ ਦੀਆਂ ਪਾਰਟੀਆਂ ਵੀ ਆਮ ਚੋਣਾਂ ਦੀ ਤਰੀਕ ਦੱਸਣ ਦੀ ਮੰਗ ਕਰ ਰਹੀਆਂ ਸਨ। ਹੁਣ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਇਹ ਤੈਅ ਜਾਪਦਾ ਹੈ ਕਿ ਚੋਣਾਂ ਸਮੇਂ ਸਿਰ ਹੋ ਉਨ੍ਹਾਂ ਦੇ ਨਾਲ ਹੈ। ਖਾਨ ਨੇ ਇਹ ਵੀ ਇਲਜ਼ਾਮ ਲਗਾਇਆ ਸੀ ਕਿ ਸਰਕਾਰ ਅਤੇ ਫੌਜ ਦੋਵੇਂ ਉਸਦੀ ਲੋਕਪ੍ਰਿਅਤਾ ਤੋਂ ਡਰਦੇ ਹਨ, ਇਸ ਲਈ ਉਹ ਪਹਿਲਾਂ ਉਸਨੂੰ (ਇਮਰਾਨ ਖਾਨ) ਨੂੰ ਜੇਲ੍ਹ ਭੇਜਣਾ ਚਾਹੁੰਦੇ ਹਨ ਅਤੇ ਫਿਰ ਚੋਣਾਂ ਕਰਵਾਉਣਾ ਚਾਹੁੰਦੇ ਹਨ ਅਤੇ ਚੋਣਾਂ ਵਿੱਚ ਜਾਅਲੀ ਵੋਟਿੰਗ ਵੀ ਹੋਵੇਗੀ।

# ਚੰਦਨ ਦੀ ਬਣੀ ਸਿਤਾਰ ਦਾ ਤੋਹਫਾ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਨੂੰ ਭੇਟ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫਰਾਂਸ ਦੌਰੇ ਦੌਰਾਨ ਪੀ ਐਮ ਮੋਦੀ ਨੇ ਫਰਾਂਸ ਦੇ ਇਮੈਨੁਅਲ ਮੈਕਰੋਨ ਨੂੰ ਚੰਦਨ ਦੀ ਬਣੀ ਸਿਤਾਰ ਤੋਹਫੇ ਵੱਜੋਂ ਦਿੱਤੀ। ਇਸ ਤੋਂ ਇਲਾਵਾ ਭਾਰਤ ਅਤੇ ਫਰਾਂਸ ਵਿਚਾਲੇ 3 ਸਕਾਰਪੀਨ ਸ਼੍ਰੇਣੀ ਦੀਆਂ ਪਣਡੁੱਬੀਆਂ ਅਤੇ ਲੜਾਕੂ ਜਹਾਜ਼ਾਂ ਦੇ ਇੰਜਣ ਇਕੱਠੇ ਬਣਾਉਣ ਦਾ ਸਮਝੌਤਾ ਹੋਇਆ ਹੈ। ਇਸ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਨੇ ਖੁਦ ਰਾਸ਼ਟਰਪਤੀ ਭਵਨ ਐਲਸੀ ਪੈਲੇਸ ਦੇ ਬਾਹਰ ਮੋਦੀ ਦਾ ਸਵਾਗਤ ਕੀਤਾ। ਗੱਲਬਾਤ ਤੋਂ ਬਾਅਦ ਦੋਵਾਂ ਦੇਸ਼ਾਂ ਵੱਲੋਂ ਸਾਂਝਾ ਬਿਆਨ ਜਾਰੀ ਕੀਤਾ ਗਿਆ। ਰਾਸ਼ਟਰਪਤੀ ਮੈਕਰੋਨ ਨੇ ਕਿਹਾ ਕਿ ਪੈਰਿਸ ਵਿੱਚ ਭਾਰਤੀ ਫੌਜ ਦੀ ਪੰਜਾਬ ਰੈਜੀਮੈਂਟ ਨੂੰ ਮਾਰਚ ਪਾਸਟ ਕਰਦੇ ਹੋਏ ਦੇਖਣਾ ਮਾਣ ਵਾਲੀ ਗੱਲ ਹੈ। ਸਾਡੇ ਰਿਸ਼ਤੇ ਇਤਿਹਾਸਕ ਅਤੇ ਭਰੋਸੇਮੰਦ ਹਨ। ਅੱਜ ਦੁਨੀਆ ਦੇ ਸਾਹਮਣੇ ਜਿਹੜੀਆਂ ਚੁਣੌਤੀਆਂ ਹਨ, ਅਸੀਂ ਭਾਰਤ ਦੇ ਨਾਲ ਮਿਲ ਕੇ ਉਨ੍ਹਾਂ ਦਾ ਹੱਲ ਲੱਭਾਂਗੇ। ਦੋਵਾਂ ਦੇਸ਼ਾਂ ਦੇ ਨੌਜਵਾਨਾਂ ਨੂੰ ਇੱਕ ਦੂਜੇ ਦੇ ਸਥਾਨ 'ਤੇ ਸਿੱਖਿਆ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਲਈ ਅਸੀਂ ਵੀਜ਼ਾ ਨਿਯਮਾਂ ਨੂੰ ਆਸਾਨ ਬਣਾਵਾਂਗੇ। ਪ੍ਰਧਾਨ ਮੰਤਰੀ ਮੋਦੀ ਨੇ ਇਸ ਮੌਕੇ ਕਿਹਾ ਕਿ ਪੈਰਿਸ ਵਰਗੇ ਸ਼ਹਿਰ ਵਿੱਚ ਇਸ ਗਰਮਜੋਸ਼ੀ ਨਾਲ ਸਵਾਗਤ ਲਈ ਰਾਸ਼ਟਰਪਤੀ ਮੈਕਰੋਨ ਦਾ ਧੰਨਵਾਦ ਹੈ। ਇੱਥੇ ਬੈਸਟੀਲ ਡੇ ਪਰੇਡ ਵਿੱਚ ਭਾਰਤ ਦੀਆਂ ਥਲ , ਜਲ ਅਤੇ ਹਵਾਈ ਸੈਨਾਵਾਂ ਨੇ ਆਪਣੀ ਤਾਕਤ ਦੇ ਜੌਹਰ ਵਿਖਾਏ। ਅਸੀਂ ਆਉਣ ਵਾਲੇ 25 ਸਾਲਾਂ ਲਈ ਟੀਚੇ ਤੈਅ ਕਰ ਰਹੇ ਹਾਂ। ਭਾਰਤ ਨੇ ਇਸ ਦੌਰਾਨ ਵਿਕਸਤ ਦੇਸ਼ ਬਣਨ ਦਾ ਟੀਚਾ ਰੱਖਿਆ ਹੈ।

# ਇਸ ਰਿਪੋਰਟ ਮੁਤਾਬਿਕ ਤਾਂ ਹੋਰ ਨਵੇਂ ਇੰਮੀਗ੍ਰਾਂਟ ਸੱਦਣੇ ਹੀ ਪੈਣੇ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਉਹ ਵਰਗ ਹੈ ਜਿਸ ਵੱਲੋਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਵੱਲੋਂ ਵੱਧ ਤੋਂ ਵੱਧ ਇਮੀਗ੍ਰੈਂਟਸ ਨੂੰ ਕੈਨੇਡਾ ਲਿਆਉਣ ਦੀ ਨਿਖੇਧੀ ਕੀਤੀ ਜਾ ਰਹੀ ਹੈ ਉੱਥੇ ਹੀ ਇੱਕ ਨਵੀਂ ਰਿਪੋਰਟ ਅਨੁਸਾਰ ਦੇਸ਼ ਦੀ ਉਮਰਦਰਾਜ਼ ਹੋ ਰਹੀ ਆਬਾਦੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਜੇ ਹੋਰ ਨਿਊਕਮਰਜ਼ ਨੂੰ ਸੱਦਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਇਹ ਦੱਸਿਆ ਗਿਆ ਹੈ ਕਿ ਉਮਰਦਰਾਜ਼ ਹੋ ਚੁੱਕੇ ਕੈਨੇਡੀਅਨਾਂ ਦੇ ਅਨੁਪਾਤ ਨੂੰ ਸੰਤੁਲਤ ਕਰਨ ਲਈ ਵਰਕਿੰਗ ਏਜ ਦੇ ਕੈਨੇਡੀਅਨਾਂ ਦੀ ਆਬਾਦੀ ਕਿੰਨੀ ਹੋਣੀ ਚਾਹੀਦੀ ਹੈ। ਇਸ ਵਿੱਚ 15 ਤੋਂ 64 ਸਾਲ ਦਰਮਿਆਨ ਉਮਰ ਅਤੇ 65 ਸਾਲ ਤੋਂ ਉੱਪਰ ਦੀ ਉਮਰ ਵਾਲਿਆਂ ਦਾ ਵੇਰਵਾ ਜਾਰੀ ਕੀਤਾ ਗਿਆ ਹੈ ਤੇ ਇਨ੍ਹਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਵਰਕਿੰਗ ਏਜ ਦੀ ਆਬਾਦੀ ਨੂੰ 2·2 ਫੀ ਸਦੀ ਦੇ ਹਿਸਾਬ ਨਾਲ ਹਰ ਸਾਲ ਵਧਾਏ ਜਾਣ ਦੀ ਲੋੜ ਹੈ। ਇਸ ਨਾਲ ਹੀ 2040 ਤੱਕ ?ਨੀ ਆਬਾਦੀ ਸੰਤੁਲਤ ਰੱਖੀ ਜਾ ਸਕੇਗੀ ਜਿੰਨੀ 2022 ਵਿੱਚ ਸੀ।ਇਹ ਵੀ ਆਖਿਆ ਗਿਆ ਹੈ ਕਿ ਜੇ ਦੇਸ਼ ਨੂੰ 1990 ਤੇ 2015 ਦਰਮਿਆਨ ਵਾਲੇ ਸਮੇਂ ਮੁਤਾਬਕ ਵਰਕਿੰਗ ਏਜ ਵਾਲੇ ਲੋਕਾਂ ਉੱਤੇ ਨਿਰਭਰਤਾ ਚਾਹੀਦੀ ਹੈ ਤਾਂ ਕੈਨੇਡੀਅਨਾਂ ਦੀ ਗਿਣਤੀ 4·5 ਫੀ ਸਦੀ ਦੇ ਹਿਸਾਬ ਨਾਲ ਵਧਣੀ ਚਾਹੀਦੀ ਹੈ। ਇਸ ਰਿਪੋਰਟ ਨੂੰ ਦੇਸਜਾਰਡਿਨਜ਼ ਦੇ ਸੀਨੀਅਰ ਡਾਇਰੈਕਟਰ ਆਫ ਕੈਨੇਡੀਅਨ ਇਕਨੌਮਿਕਸ ਰੈਂਡਲ ਬਾਰਟਲੈਟ ਨੇ ਤਿਆਰ ਕੀਤਾ ਹੈ।

# ਕੈਲਗਰੀ ਲੇਖਕ ਸਭਾ ਵੱਲੋਂ ਸਿੰਮੀ ਕੌਰ ਗੁਪਤਾ ਦਾ ਨਾਵਲ 'ਖੂਹ ਵਿੱਚ ਰੂਹ' ਰਿਲੀਜ਼ ਹੋਇਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਜੁਲਾਈ ਮਹੀਨੇ ਦੀ ਮੀਟਿੰਗ ਦੌਰਾਨ ਸਕੱਤਰ ਗੁਰਚਰਨ ਥਿੰਦ ਨੇ ਕਨੇਡਾ ਡੇ ਅਤੇ ਕੈਲਗਰੀ ਦੇ ਸਟੈਂਪੀਡ ਮੇਲੇ ਬਾਰੇ ਸੰਖੇਪ ਵਿੱਚ ਜਾਣਕਾਰੀ ਸਾਂਝੀ ਕੀਤੀ। ਗੁਰਦੀਸ਼ ਗਰੇਵਾਲ ਨੇ ਕਨੇਡਾ ਨੂੰ ਸਾਡੀ ਕਰਮ-ਭੂਮੀ ਦਰਸਾਉਂਦਾ ਗੀਤ 'ਵਾਹ ਕਨੇਡਾ! ਵਾਹ ਕਨੇਡਾ!' ਪੇਸ਼ ਕੀਤਾ। ਬਲਵਿੰਦਰ ਬਰਾੜ ਜੀ ਨੇ ਕਨੇਡਾ ਪਹੁੰਚਣ ਵਾਲੇ ਪ੍ਰਵਾਸੀਆਂ ਦੇ ਮੁੱਢਲੇ ਤਜਰਬਿਆਂ ਨੂੰ ਬਿਆਨ ਕਰਦੀ ਸੱਚੀ ਗੱਲ ਸੁਣਾ ਕੇ ਇੱਥੋਂ ਦਾ ਯਥਾਰਥ ਬਿਆਨ ਕਰਦੇ ਕਿਹਾ ਕਿ 'ਪੰਜਾਬ ਅਤੇ ਕਨੇਡਾ ਦੋ ਵੱਖਰੋ ਵੱਖਰੇ ਪੈਕਜ ਹਨ। ਇੱਥੇ ਵਾਈਟ ਕਾਲਰ ਨੌਕਰੀਆਂ ਦੀ ਭਾਲ ਵਿੱਚ ਆਏ ਨੌਜੁਆਨ ਅਕਸਰ ਉਦਾਸੀਨ ਹੋ ਜਾਂਦੇ ਹਨ। ਚੰਡੀਗੜ੍ਹ ਤੋਂ ਕੁੱਝ ਮਹੀਨਿਆਂ ਲਈ ਕੈਲਗਰੀ ਆਏ ਕਵੀ ਦਰਸ਼ਨ ਸਿੰਘ ਤਿਉਣਾ ਜੀ ਨੇ 'ਬੜਾ ਦਰਦ ਹੋਇਆ ਜਦ ਯਾਰ ਛੱਡੇ ਦਿਲਦਾਰ ਛੱਡੇ' ਪ੍ਰਦੇਸ ਦੀ ਧਰਤੀ ਤੇ ਆ ਵੱਸਣ ਦਾ ਦਰਦ ਤੇ ਵਿਛੋੜਾ ਦਰਸਾਉਂਦਾ ਗੀਤ ਪੇਸ਼ ਕਰਕੇ ਵਾਹ ਵਾਹ ਖੱਟ ਲਈ। ਵਿਸ਼ੇਸ਼ ਮਹਿਮਾਨ ਅਮਰਜੀਤ ਕੌਰ ਮੋਰਿੰਡਾ ਨੇ ਬੁਲੰਦ ਅਵਾਜ਼ ਵਿੱਚ ਛੰਦ ਭਵਾਨੀ ਵਿੱਚ ਕਵੀਸ਼ਰੀ ਸੁਣਾ ਕੇ ਸਰੋਤਿਆਂ ਨੂੰ ਅੱਸ਼ ਅੱਸ਼ ਕਰਨ ਲਾ ਦਿੱਤਾ। ਗੁਰਚਰਨ ਥਿੰਦ ਨੇ ਸਿੰਮੀ ਗੁਪਤਾ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦਾ ਵਰਨਣ ਕਰਦੇ ਦੱਸਿਆ ਕਿ ਸਿੰਮੀ ਗੁਪਤਾ ਦੇ ਇਸ ਤੋਂ ਪਹਿਲਾਂ 'ਉਸ ਰਾਤ ਕੀ ਛਾਪ' (ਹਿੰਦੀ) ਅਤੇ 'ਤੇਰਾ ਕੀ ਫੈਸਲਾ ?' (ਪੰਜਾਬੀ) ਦੋ ਨਾਵਲ ਛਪ ਚੁੱਕੇ ਹਨ। ਸਿੰਮੀ ਗੁਪਤਾ ਬੰਬਈ ਦੇ ਜੰਮਪਲ ਹਨ ਅਤੇ ਪੰਜਾਬੀ ਇਨ੍ਹਾਂ ਹੁਸ਼ਿਆਰਪੁਰ ਦੇ ਆਪਣੇ ਜੱਦੀ ਪਿੰਡ ਵਿੱਚ ਆ ਕੇ ਸਿੱਖੀ ਜਦੋਂ ਇਨ੍ਹਾਂ ਦੇ ਪਿਤਾ ਜੀ ਨੇਵੀ ਵਿਚੋਂ ਰਿਟਾਇਰ ਹੋ ਕੇ ਇੱਥੇ ਆ ਕੇ ਰਹਿਣ ਲਗ ਪਏ। ਸਿੰਮੀ ਗੁਪਤਾ ਨੇ ਆਪਣੇ ਬਾਰੇ ਅਤੇ ਆਪਣੀ ਲੇਖਣੀ ਬਾਰੇ ਗੱਲ ਕਰਦਿਆਂ ਕਿਹਾ ਕਿ 'ਪੰਜਾਬੀ ਬੋਲੀ ਨਾਲ ਮੇਰਾ ਰਿਸ਼ਤਾ ਤਾਂ ਮਾਂ-ਬੋਲੀ ਦਾ ਸੀ ਪਰ ਰਿਹਾ ਦੂਰ ਦੀ ਰਿਸ਼ਤੇਦਾਰੀ ਵਾਲਾ ਹੀ। ਉਂਜ ਜਦੋਂ ਮੌਕਾ ਮਿਲਿਆ ਤਾਂ ਮੈਂ ਇੱਕ ਸਾਲ ਦੇ ਵਿੱਚ ਹੀ ਚੰਗੀ ਤਰ੍ਹਾਂ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖ ਲਈ ਸੀ।ਪਰਮਜੀਤ ਕੌਰ, ਪੀ.ਐਚ.ਡੀ. (ਪੰਜਾਬੀ) ਹੁਰਾਂ ਨਾਵਲ 'ਖੂਹ ਵਿੱਚ ਰੂਹ' ਉਪਰ ਪਰਚਾ ਪੜ੍ਹਿਆ।ਜਗਦੇਵ ਸਿੱਧੂ ਜੀ ਨੇ ਆਪਣੇ ਪਰਚੇ ਵਿੱਚ ਨਾਵਲ ਦੇ ਵੱਖ ਵੱਖ ਪਾਤਰਾਂ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਸਿੰਮੀ ਗੁਪਤਾ ਨੇ ਆਪਣੇ ਨਾਵਲ ਵਿੱਚ ਪਾਤਰਾਂ ਦੀ ਉਸਾਰੀ ਬਹੁਤ ਬਰੀਕੀ ਅਤੇ ਵਧੀਆ ਤਰੀਕੇ ਨਾਲ ਕੀਤੀ ਹੈ।ਅੰਤ ਵਿੱਚ ਪ੍ਰਧਾਨ ਜਸਵੀਰ ਸਿਹੋਤਾ ਜੀ ਨੇ ਸਿੰਮੀ ਗੁਪਤਾ ਨੂੰ ਉਨ੍ਹਾਂ ਦੇ ਨਾਵਲ ਦੇ ਰਿਲੀਜ਼ ਹੋਣ ਦੀ ਵਧਾਈ ਦਿੱਤੀ।ਸ੍ਰ: ਗੁਰਦੇਵ ਸਿੰਘ ਜਸਵੰਤ ਸਿੰਘ ਸੇਖੋਂ, ਪਰੀਤ ਸਾਗਰ ਸਿੰਘ, ਡਾ: ਜੋਗਾ ਸਿੰਘ ਗੁਰਦਿਆਲ ਸਿੰਘ ਖਹਿਰਾ ,ਗੁਰਮੀਤ ਸਿੰਘ ,ਗੁਰਦਿਲ ਰਾਜ ਸਿੰਘ ਦਾਨੇਵਾਲੀਆ, ਸਰਬਜੀਤ ਉੱਪਲ,ਬਿੱਕਰ ਸਿੰਘ ਸੰਧੂ, ਮਨਮੋਹਨ ਸਿੰਘ ਬਾਠ, ਸਿਮਰ ਕੌਰ, ਸੁਖਵਿੰਦਰ ਸਿੰਘ ਥਿੰਦ, ਕੁਲਵੰਤ ਸਿੰਘ, ਹਰਕੀਰਤ ਸਿੰਘ, ਸੁਰਿੰਦਰ ਢਿਲੋਂ, ਨਛੱਤਰ ਸਿੰਘ ਪੁਰਬਾ, ਕਰਨ ਅਰੋੜਾ, ਸੁਨੀਤਾ ਰਾਣੀ, ਜਸ਼ਨਦੀਪ ਸ਼ਰਮਾ, ਮਨਦੀਪ ਧਵਨ, ਜਗਦੀਸ਼ ਸਿੰਘ ਚੋਹਕਾ, ਰਜਿੰਦਰ ਕੌਰ ਚੋਹਕਾ, ਅਤੇ ਮਿਸਜ਼ ਖਹਿਰਾ ਹੁਰਾਂ ਦੀ ਹਾਜ਼ਰੀ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਰਹੀ।


# ਜਦੋਂ ਭਾਰਤ ਨੇ ਪਾਕਿਸਤਾਨ ਦਾ ਸਮਰਥਨ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਪ੍ਰੀਸ਼ਦ ਵਿੱਚ ਪਾਕਿਸਤਾਨ ਦਾ ਸਮਰਥਨ ਕੀਤਾ। ਦਰਅਸਲ, ਪਾਕਿਸਤਾਨ ਨੇ ਸਵੀਡਨ ਵਿੱਚ ਕੁਰਾਨ ਨੂੰ ਵਾਰ-ਵਾਰ ਸਾੜਨ ਦੇ ਖਿਲਾਫ UNHRC ਵਿੱਚ ਪ੍ਰਸਤਾਵ ਰੱਖਿਆ ਸੀ। ਭਾਰਤ ਨੇ ਵੀ ਇਸ 'ਤੇ ਪਾਕਿਸਤਾਨ ਦੇ ਸਮਰਥਨ 'ਚ ਵੋਟਿੰਗ ਕੀਤੀ ਹੈ। ਇਸ ਘਟਨਾ ਦੀ ਸਾਰੇ ਇਸਲਾਮਿਕ ਦੇਸ਼ਾਂ ਦੇ ਨਾਲ-ਨਾਲ ਯੂਰਪੀ ਸੰਘ, ਪੋਪ ਫਰਾਂਸਿਸ ਅਤੇ ਖੁਦ ਸਵੀਡਿਸ਼ ਸਰਕਾਰ ਨੇ ਵੀ ਨਿੰਦਾ ਕੀਤੀ ਹੈ। ਪਾਕਿਸਤਾਨ ਨੇ ਆਪਣੇ ਮਤੇ 'ਚ ਕੁਰਾਨ ਨੂੰ ਸਾੜਨ ਵਰਗੀਆਂ ਘਟਨਾਵਾਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ। ਹਾਲਾਂਕਿ, ਅਮਰੀਕਾ ਅਤੇ ਯੂਰਪੀਅਨ ਯੂਨੀਅਨ ਸਮੇਤ ਕਈ ਪੱਛਮੀ ਦੇਸ਼ਾਂ ਨੇ ਬੋਲਣ ਦੀ ਆਜ਼ਾਦੀ ਦਾ ਹਵਾਲਾ ਦਿੰਦੇ ਹੋਏ ਮਤੇ ਦੇ ਵਿਰੁੱਧ ਵੋਟ ਦਿੱਤੀ। UNHRC ਵਿੱਚ ਕੁੱਲ 47 ਮੈਂਬਰ ਹਨ। ਆਈਸੀ ਯਾਨੀ ਇਸਲਾਮਿਕ ਸਹਿਯੋਗ ਸੰਗਠਨ ਦੇ ਸਿਰਫ਼ 19 ਦੇਸ਼ ਇਸ ਵਿੱਚ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੇ ਪਾਕਿਸਤਾਨ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਪਾਕਿਸਤਾਨ ਨੇ ੌਛ ਦੇਸ਼ਾਂ ਦੇ ਕਹਿਣ 'ਤੇ ਹੀ ੂਛ 'ਚ ਇਹ ਪ੍ਰਸਤਾਵ ਲਿਆਂਦਾ ਸੀ। ਉਈਗਰ ਮੁਸਲਮਾਨਾਂ ਦੇ ਮੁੱਦੇ 'ਤੇ ਘਿਰੇ ਚੀਨ ਨੇ ਵੀ ਪਾਕਿਸਤਾਨ ਦੇ ਸਮਰਥਨ 'ਚ ਵੋਟਿੰਗ ਕੀਤੀ। ਇਸ ਦੇ ਨਾਲ ਹੀ ਨੇਪਾਲ ਸਮੇਤ 7 ਦੇਸ਼ਾਂ ਨੇ ਕਿਸੇ ਦਾ ਸਮਰਥਨ ਨਾ ਕਰਦੇ ਹੋਏ ਵੋਟ ਹੀ ਨਹੀਂ ਪਾਈ। ਵਰਨਣਯੋਗ ਹੈ ਕਿ ਸਵੀਡਨ 'ਚ ਈਦ-ਉਲ-ਅਜ਼ਹਾ ਦੇ ਮੌਕੇ 'ਤੇ ਸਟਾਕਹੋਮ ਦੀ ਇਕ ਮਸਜਿਦ ਦੇ ਬਾਹਰ ਇਕ ਵਿਅਕਤੀ ਨੇ ਕੁਰਾਨ ਨੂੰ ਸਾੜ ਕੇ ਪ੍ਰਦਰਸ਼ਨ ਕੀਤਾ ਤੇ ਇਸ ਦੇ ਲਈ ਉਸ ਨੇ ਸਵੀਡਿਸ਼ ਸਰਕਾਰ ਤੋਂ ਇਜਾਜ਼ਤ ਲੈ ਲਈ ਸੀ।




ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


ਇਹਨਾਂ ਛੋਟੀਆਂ ਚੀਜਾਂ ਦਾ ਆਨੰਦ ਮਾਣੋ
ਨਵੀਆਂ ਲਾਟਾਂ
ਹੁਣ ਵੇਚ ਰਹੇ ਹਾਂ
Ambleton
A Qualico Community
ਕੈਲਗਰੀ ਦਾ ਨਵਾਂ ਉੱਤਰੀ ਏਰੀਆ
ਲੇਨਡ ਹੋਮ
ਫਰੰਟ ਗੈਰਾਜ ਹੋਮ
ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਵਿੱਚ ਇੱਧਰ ਉੱਧਰ ਜਾਣ ਲਈ ਆਸਾਨ ਬਣਾਉਂਦੇ ਹਨ। ਐਂਬਲਟਨ ਕੋਲ ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ-ਨਾਲ, ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।
ਆਪਣੇ ਸੁਪਨਿਆਂ ਦਾ ਘਰ
ਸ਼ਾਡੇ ਇੱਕ ਇਨਾਮ ਜੇਤੂ ਬਿਲਡਿਰ ਕੋਲੋਂ ਬਣਾਓ
· Shane Homes · Sterling Homes
· Trico Homes · Broadview Homes · Jayman Built
ਅਗਲੇ ਫੇਸ ਲਈ ਸਾਈਨ ਕਰੋ
liveinambleton.com
403-801-1340
customercare@qualicocommunities.com
160 ਏਕੜ
1200+ ਘਰ
7 ਫੇਸ
ਨਵੀਆਂ ਪਾਰਕਾਂ ਹੁਣ ਖੁੱਲ ਗਈਆਂ ਹਨ
ਹਾਈ ਸਕੂਲ ਭਵਿੱਖੀ ਯੋਜਨਾ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)




## ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

**ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਵਾਲੇ ਸਿੰਗਲ ਫੈਮਿਲੀ ਹੋਮ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਕੀਮਤ ਨਾਲ ਰਹਿਣ ਦਾ ਪ੍ਰਤੀਕ ਹਨ।


Bathroom


Bonus Room

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਵੀ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਦੀ ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Legal Income Suite

## ਐਵਾਰਡ ਜੇਤੂ ਟਾਊਨਹੋਮਸ

ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਕਾਪਰਫੀਲਡ ਦੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ। ਇਹੀ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**ਸਿਰਫ 4 ਲੱਖ ਤੋਂ ਘੱਟ ਕੀਮਤ ਵਿੱਚ ਹੀ ਘਰ ਦੇ ਮਾਲਕ ਬਣੋ!**

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!**



**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸੰਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜ੍ਹੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com